
Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 54 | 01/07/2025 | www.samajweekly.com | samajweekly | @samajweekly | samajweekly

# ਹਿਮਾਚਲ ਵਿੱਚ ਭਾਰੀ ਮੀਂਹ ਨੇ ਮਚਾਈ ਤਬਾਹੀ, 39 ਲੋਕਾਂ ਦੀ ਮੌਤ

**ਹਿਮਾਚਲ।** ਹਿਮਾਚਲ ਪ੍ਰਦੇਸ਼ ਵਿੱਚ ਐਤਵਾਰ ਤੋਂ ਹੀ ਭਾਰੀ ਮੀਂਹ ਪੈ ਰਿਹਾ ਹੈ। ਜ਼ਮੀਨ ਖਿਸਕਣ ਕਾਰਨ ਰਾਜ ਭਰ ਦੀਆਂ 129 ਸੜਕਾਂ 'ਤੇ ਵਾਹਨਾਂ ਦੀ ਆਵਾਜਾਈ ਠੱਪ ਹੋ ਗਈ ਹੈ। ਮਾਨਸੂਨ ਤੋਂ ਬਾਅਦ ਹੁਣ ਤੱਕ ਰਾਜ ਵਿੱਚ 39 ਲੋਕਾਂ ਦੀ ਮੌਤ ਹੋ ਚੁੱਕੀ ਹੈ। ਪਿਛਲੇ 24 ਘੰਟਿਆਂ ਵਿੱਚ 3 ਲੋਕਾਂ ਦੀ ਜਾਨ ਚਲੀ ਗਈ ਹੈ। ਸੋਮਵਾਰ ਸਵੇਰੇ ਹਿਮਾਚਲ ਦੇ ਮੰਡੀ-ਕੁੱਲੂ ਰਾਸ਼ਟਰੀ ਰਾਜਮਾਰਗ 'ਤੇ ਥਲੌਟ ਦੇ ਭੂਭੂ ਜੋਤ ਸੁਰੰਗ ਨੇੜੇ ਜ਼ਮੀਨ ਖਿਸਕ ਗਈ। ਇਸ ਨਾਲ ਸੜਕੀ ਆਵਾਜਾਈ ਪ੍ਰਭਾਵਿਤ ਹੋਈ ਹੈ। ਕਈ ਵਾਹਨ ਵੀ ਸੁਰੰਗ ਦੇ ਅੰਦਰ ਫਸੇ ਹੋਏ ਹਨ। ਅਲਰਟ ਕਾਰਨ ਅੱਜ ਹਿਮਾਚਲ ਦੇ 4 ਜ਼ਿਲ੍ਹਿਆਂ ਵਿੱਚ ਸਕੂਲ ਬੰਦ ਹਨ। ਬਿਹਾਰ ਦੇ ਭੋਜਪੁਰ, ਬਕਸਰ ਅਤੇ ਨਾਲੰਦਾ ਵਿੱਚ ਬਿਜਲੀ ਡਿੱਗਣ ਕਾਰਨ 5 ਲੋਕਾਂ ਦੀ ਮੌਤ ਹੋ ਗਈ। ਇਸ ਦੇ ਨਾਲ ਹੀ ਐਤਵਾਰ ਨੂੰ ਗਯਾ ਦੇ ਇਮਾਮਗੰਜ ਵਿੱਚ ਲਾਗੁਰਾਹੀ ਝਰਨੇ ਵਿੱਚ ਅਚਾਨਕ ਪਾਣੀ ਚੜ੍ਹ ਗਿਆ। ਤੇਜ਼ ਕਰੰਟ ਵਿੱਚ 6 ਲੜਕੀਆਂ ਵਹਿ ਗਈਆਂ। ਸਥਾਨਕ ਲੋਕਾਂ ਨੇ ਸਾਰਿਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਮੌਸਮ ਵਿਭਾਗ ਦੇ ਅਨੁਸਾਰ, ਅੱਜ 31 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਮੀਂਹ ਪਵੇਗਾ।



ਉੱਤਰਾਖੰਡ ਅਤੇ ਝਾਰਖੰਡ ਵਿੱਚ ਰੈੱਡ ਅਲਰਟ ਜਾਰੀ ਕੀਤਾ ਗਿਆ ਹੈ। ਮੱਧ ਪ੍ਰਦੇਸ਼-ਰਾਜਸਥਾਨ ਸਮੇਤ 12 ਰਾਜਾਂ ਵਿੱਚ ਭਾਰੀ ਮੀਂਹ ਲਈ ਆਰੇਂਜ ਅਲਰਟ ਅਤੇ 17 ਰਾਜਾਂ ਵਿੱਚ ਯੈਲੋ ਅਲਰਟ ਹੈ। ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ ਵਿੱਚ ਇੱਕ ਪੰਜ ਮੰਜ਼ਿਲਾ ਇਮਾਰਤ ਡਿੱਗ ਗਈ। ਇਹ ਘਟਨਾ ਭੱਟਾਕੁਫਰ ਵਿੱਚ ਵਾਪਰੀ। ਖੁਸ਼ਕਿਸਮਤੀ ਨਾਲ, ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਖ਼ਤਰੇ ਨੂੰ ਦੇਖਦੇ ਹੋਏ ਇਮਾਰਤ ਨੂੰ ਪਹਿਲਾਂ ਹੀ ਖਾਲੀ ਕਰਵਾ ਲਿਆ ਗਿਆ ਸੀ। ਚਾਰ-ਮਾਰਗੀ ਨਿਰਮਾਣ ਕਾਰਜ ਕਾਰਨ ਇਹ ਇਮਾਰਤ ਖ਼ਤਰੇ ਵਿੱਚ ਸੀ।

## ਖਾਲੀ ਪੇਟ ਦਵਾਈਆਂ ਖਾਣ ਤੇ ਬਲੱਡ ਪ੍ਰੈਸ਼ਰ ਘਟਣ ਨਾਲ ਹੋਈ ਸ਼ੈਫਾਲੀ ਜਰੀਵਾਲਾ ਦੀ ਮੌਤ

**ਮੁੰਬਈ।** ਅਦਾਕਾਰਾ ਸ਼ੈਫਾਲੀ ਜਰੀਵਾਲਾ ਦਾ ਤਿੰਨ ਦਿਨ ਪਹਿਲਾਂ ਦੇਹਾਂਤ ਹੋ ਗਿਆ ਸੀ। ਉਹ ਜਵਾਨ ਰਹਿਣ ਵਾਲੀਆਂ ਦਵਾਈਆਂ ਸਣੇ ਹੋਰ ਦਵਾਈਆਂ ਨਿਯਮਤ ਸਮੇਂ 'ਤੇ ਖਾ ਰਹੀ ਸੀ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਉਸ ਨੇ ਖਾਲੀ ਪੇਟ ਕਈ ਦਵਾਈਆਂ ਖਾਧੀਆਂ ਜਿਸ ਕਾਰਨ ਉਸ ਦਾ ਬਲੱਡ ਪ੍ਰੈਸ਼ਰ ਘੱਟ ਗਿਆ। 42 ਸਾਲਾ ਅਦਾਕਾਰਾ ਨੇ ਗੀਤ ਕਾਂਟ ਲਗਾ ਨਾਲ ਨਾਮਣਾ ਖੱਟਿਆ ਸੀ। ਉਸ ਦਾ ਅਦਾਕਾਰ ਪਤੀ ਪਰਾਗ ਤਿਆਗੀ ਉਸ ਦੀ ਸਿਹਤ ਵਿਗੜਨ ਤੋਂ ਬਾਅਦ ਉਸ ਨੂੰ ਅੰਧੇਰੀ ਦੇ ਨਿੱਜੀ ਹਸਪਤਾਲ ਵਿੱਚ ਲੈ ਕੇ ਗਿਆ ਸੀ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਲਿਆਂਦਾ ਐਲਾਨ ਦਿੱਤਾ। ਇੱਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਉਹ ਸ਼ੁੱਕਰਵਾਰ ਨੂੰ ਆਪਣੇ ਘਰ ਵਿੱਚ ਪੂਜਾ ਕਰਕੇ ਵਰਤ ਰੱਖ ਰਹੀ ਸੀ ਅਤੇ ਖਾਲੀ ਪੇਟ ਕਈ ਦਵਾਈਆਂ ਖਾਣ ਨਾਲ ਉਸ ਦਾ ਬਲੱਡ ਪ੍ਰੈਸ਼ਰ ਘੱਟ ਗਿਆ ਜਿਸ




ਕਾਰਨ ਉਹ ਜ਼ਮੀਨ 'ਤੇ ਡਿੱਗ ਗਈ। ਉਸ ਨੇ ਦੁਪਹਿਰ ਵੇਲੇ ਇੱਕ ਟੀਕਾ ਲਗਾਇਆ ਸੀ ਤੇ ਸੰਭਾਵਤ ਤੌਰ ਇਹ ਜਵਾਨ ਰਹਿਣ ਲਈ ਸੀ।

ਉਨ੍ਹਾਂ ਕਿਹਾ, 'ਉਸ ਦਾ ਬਲੱਡ ਪ੍ਰੈਸ਼ਰ ਬਹੁਤ ਘੱਟ ਗਿਆ ਅਤੇ ਉਹ ਕੰਬਣ ਲੱਗੀ ਜਿਸ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੇ ਉਸ ਨੂੰ ਹਸਪਤਾਲ ਪਹੁੰਚਾਇਆ। ਪੁਲੀਸ ਨੇ ਹੁਣ ਤੱਕ 10 ਵਿਅਕਤੀਆਂ ਦੇ ਬਿਆਨ ਦਰਜ ਕੀਤੇ ਹਨ, ਜਿਨ੍ਹਾਂ ਵਿੱਚ ਉਸਦੇ ਪਤੀ, ਮਾਤਾ-ਪਿਤਾ ਅਤੇ ਘਰ ਦੇ ਸਹਾਇਕ ਵੀ ਸ਼ਾਮਲ ਹਨ, ਜੋ ਸਾਰੇ ਉਸ ਸਮੇਂ ਘਰ ਵਿੱਚ ਮੌਜੂਦ ਸਨ, ਹਾਲਾਂਕਿ ਅਜੇ ਤੱਕ ਕੁਝ ਵੀ ਸ਼ੱਕੀ ਨਹੀਂ ਮਿਲਿਆ ਹੈ।

## ਉਮਾਨ ਜਾ ਰਹੇ ਸਮੁੰਦਰੀ ਜਹਾਜ਼ ਨੂੰ ਲੱਗੀ ਭਿਆਨਕ ਅੱਗ

**ਉਮਾਨ।** ਉਮਾਨ ਜਾ ਰਹੇ ਇਕ ਸਮੁੰਦਰੀ ਜਹਾਜ਼ ਦੇ ਇੰਜਣ ਕਮਰੇ ਵਿਚ ਭਿਆਨਕ ਅੱਗ ਲੱਗ ਗਈ ਤੇ ਜਹਾਜ਼ ਦੀ ਪੂਰੀ ਬਿਜਲੀ ਬੰਦ ਹੋ ਗਈ। ਕਾਲ ਮਿਲਣ 'ਤੇ, ਭਾਰਤੀ ਜਲ ਸੈਨਾ ਤੁਰਤ ਪਹੁੰਚੀ ਤੇ ਜਹਾਜ਼ ਵਿਚ ਲੱਗੀ ਅੱਗ ਬੁਝਾਉਣ ਦਾ ਕੰਮ ਕਰ ਰਹੀ ਹੈ। ਭਾਰਤੀ ਜਲ ਸੈਨਾ ਦੇ ਜੰਗੀ ਜਹਾਜ਼ ਆਈਐਨਐਸ ਤਬਾਰ, ਜੋ ਕਿ ਉਮਾਨ ਦੀ ਖਾੜੀ ਵਿਚ ਮਿਸ਼ਨ 'ਤੇ ਗਿਆ ਸੀ, ਨੂੰ ਐਮਟੀ ਯੀ ਚੇਂਗ 6 ਨਾਮਕ ਜਹਾਜ਼ ਤੋਂ ਇਕ ਸੰਕਟ ਦੀ ਸੂਚਨਾ ਮਿਲੀ, ਜਿਸ ਤੋਂ ਬਾਅਦ ਜਹਾਜ਼ ਨੇ ਤੁਰਤ ਕਾਰਵਾਈ ਕੀਤੀ ਅਤੇ ਅੱਗ ਬੁਝਾਉਣੀ ਸ਼ੁਰੂ ਕਰ ਦਿਤੀ। 13 ਭਾਰਤੀ ਜਲ ਸੈਨਾ ਕਰਮਚਾਰੀ ਅਤੇ 5 ਚਾਲਕ ਦਲ ਦੇ ਮੈਂਬਰ ਇਸ ਸਮੇਂ ਅੱਗ ਬੁਝਾਉਣ ਵਿਚ ਲੱਗੇ ਹੋਏ ਹਨ। ਪੁਲਾਉ-ਝੰਡੇ ਵਾਲਾ ਐਮਟੀ ਯੀ ਚੇਂਗ 6





ਗੁਜਰਾਤ ਦੇ ਕਾਂਡਲਾ ਤੋਂ ਉਮਾਨ ਦੇ ਸ਼ਿਨਾਸ ਜਾ ਰਿਹਾ ਸੀ ਉਸ ਨੇ ਐਤਵਾਰ ਨੂੰ ਸੰਕਟ ਦੀ ਰੀਪੋਰਟ ਕੀਤੀ। ਜਹਾਜ਼ ਵਿਚ 14 ਭਾਰਤੀ ਚਾਲਕ ਦਲ ਦੇ ਮੈਂਬਰ ਸਵਾਰ ਸਨ। ਭਾਰਤੀ ਜਲ ਸੈਨਾ ਦੇ ਬੁਲਾਰੇ ਨੇ ਟਵੀਟ ਕਰ ਕੇ ਕਿਹਾ ਕਿ ਉਮਾਨ ਦੀ ਖਾੜੀ ਵਿਚ ਤਾਇਨਾਤ ਭਾਰਤੀ ਜਲ ਸੈਨਾ ਦੇ ਸਟੀਲਥ ਫ੍ਰੀਗੇਟ ਆਈਐਨਐਸ ਤਬਾਰ ਨੇ 29 ਜੂਨ ਨੂੰ ਪੁਲਾਉ-ਝੰਡੇ ਵਾਲੇ ਐਮਟੀ ਯੀ ਚੇਂਗ 6 ਤੋਂ ਇਕ ਸੰਕਟ ਕਾਲ ਦਾ ਜਵਾਬ ਦਿਤਾ। ਜਹਾਜ਼ ਦੇ ਇੰਜਣ ਰੂਮ ਵਿਚ ਭਿਆਨਕ ਅੱਗ ਲੱਗ ਗਈ ਅਤੇ ਜਹਾਜ਼ ਦੀ ਪੂਰੀ ਬਿਜਲੀ ਬੰਦ ਹੋ ਗਈ। ਆਈਐਨਐਸ ਤਬਾਰ ਤੋਂ ਅੱਗ ਬੁਝਾਊ ਟੀਮਾਂ ਅਤੇ ਉਪਕਰਣਾਂ ਨੂੰ ਜਹਾਜ਼ ਦੀ ਕਿਸ਼ਤੀ ਅਤੇ ਹੈਲੀਕਾਪਟਰ ਰਾਹੀਂ ਜਹਾਜ਼ ਵਿਚ ਤਬਦੀਲ ਕੀਤਾ ਗਿਆ। 13 ਭਾਰਤੀ ਜਲ ਸੈਨਾ ਦੇ ਕਰਮਚਾਰੀ ਅਤੇ 5 ਚਾਲਕ ਦਲ ਦੇ ਮੈਂਬਰ ਇਸ ਸਮੇਂ ਅੱਗ ਬੁਝਾਉਣ ਦੇ ਕਾਰਜਾਂ ਵਿਚ ਲੱਗੇ ਹੋਏ ਹਨ, ਜਿਸ ਨਾਲ ਜਹਾਜ਼ ਵਿਚ ਲੱਗੀ ਅੱਗ ਦੀ ਤੀਬਰਤਾ ਕਾਫ਼ੀ ਘੱਟ ਗਈ ਹੈ। ਅਜੇ ਤਕ ਕਿਸੇ ਦੀ ਮੌਤ ਦੀ ਖ਼ਬਰ ਸਾਹਮਣੇ ਨਹੀਂ ਆਈ ਹੈ।

# ਘਰੋਂ ਖੇਤੀ ਕਰਨ ਗਿਆ ਅੰਮ੍ਰਿਤਪਾਲ ਪਹੁੰਚਿਆ ਪਾਕਿਸਤਾਨ, 21 ਜੂਨ ਤੋਂ ਸੀ ਲਾਪਤਾ

**ਜਲਾਲਾਬਾਦ।** ਜਲਾਲਾਬਾਦ ਦੇ ਸਰਹੱਦੀ ਪਿੰਡ ਖੈਰੇ ਕੇ ਉਤਾੜ ਦਾ ਰਹਿਣ ਵਾਲਾ ਅੰਮ੍ਰਿਤਪਾਲ ਗਲਤੀ ਦੇ ਨਾਲ ਪਾਕਿਸਤਾਨ ਦੀ ਹੱਦ ਵਿਚ ਦਾਖ਼ਲ ਹੋ ਗਿਆ ਸੀ। ਜਿਸ ਤੋਂ ਬਾਅਦ ਪਾਕਿਸਤਾਨੀ ਰੇਂਜਰਾਂ ਵਲੋਂ ਇਸ ਨੂੰ ਕਾਬੂ ਕਰ ਲਿਆ ਗਿਆ। ਦੱਸ ਦਈਏ ਕਿ ਅੰਮ੍ਰਿਤਪਾਲ 21 ਜੂਨ ਤੋਂ ਲਾਪਤਾ ਸੀ। ਅੰਮ੍ਰਿਤਪਾਲ ਦੇ ਲਾਪਤਾ ਹੋਣ ’ਤੇ ਜਦ ਬੀਐਸਐਫ਼ ਨੇ ਪਾਕਿਸਤਾਨੀ ਰੇਂਜਰਾਂ ਦੇ ਨਾਲ ਪਹਿਲਾਂ ਗੱਲਬਾਤ ਕੀਤੀ ਸੀ ਤਾਂ ਉਨ੍ਹਾਂ ਨੇ ਕਿਸੇ ਵੀ ਨੌਜਵਾਨ ਨੂੰ ਉਨ੍ਹਾਂ ਦੀ ਹਿਰਾਸਤ ਵਿਚ ਹੋਣ ਤੋਂ ਇਨਕਾਰ ਕਰ ਦਿਤਾ ਸੀ ਅਤੇ ਹੁਣ ਪਤਾ ਲੱਗਾ ਹੈ ਕਿ ਅੰਮ੍ਰਿਤਪਾਲ ਨੂੰ ਲੈ ਕੇ ਪਾਕਿਸਤਾਨੀ ਰੇਂਜਰਾਂ ਨੇ ਬੀਐਸਐਫ਼ ਦੇ ਨਾਲ ਸੰਪਰਕ ਕੀਤਾ ਤੇ ਅੰਮ੍ਰਿਤਪਾਲ ਉਨ੍ਹਾਂ ਦੀ ਹਿਰਾਸਤ ਵਿਚ ਹੋਣ ਦੀ ਗੱਲ ਕਹੀ ਹੈ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਘਰੋਂ ਅਪਣੀ ਅੱਠ ਕਿੱਲੇ ਜ਼ਮੀਨ ’ਤੇ ਖੇਤੀ





ਕਰਨ ਲਈ ਗਿਆ ਸੀ ਤਾਂ ਉਹ ਗਲਤੀ ਨਾਲ ਪਾਕਿ-ਸਤਾਨ ਵਿਚ ਦਾਖ਼ਲ ਹੋ ਗਿਆ। ਪਰਵਾਰ ਤੇ ਪੁਲਿਸ ਵਲੋਂ ਲਗਾਤਾਰ ਭਾਲ ਜਾਰੀ ਸੀ। ਪਰਵਾਰ ਵਲੋਂ ਗ੍ਰਹਿ ਮੰਤਰਾਲਿਆ ਤੇ ਭਾਰਤ ਸਰਕਾਰ ਨੂੰ ਵੀ ਇਸ ਮਾਮਲੇ ’ਚ ਦਖ਼ਲ ਦੇਣ ਦੀ ਅਪੀਲ ਕੀਤੀ ਗਈ ਸੀ। ਜਿਸ ਤੋਂ ਬਾਅਦ ਹੁਣ ਇਸ ਮਾਮਲੇ ਵਿਚ ਪਰਵਾਰ ਨੂੰ ਆਸ ਬੱਝੀ ਹੈ ਕਿ ਉਨ੍ਹਾਂ ਦਾ ਪੁੱਤ ਵਾਪਸ ਆ ਜਾਏਗਾ।

# ਮੋਹਾਲੀ 'ਚ ਫ਼ੈਕਟਰੀ ਵਿਚ ਲੱਗੀ ਭਿਆਨਕ ਅੱਗ, 9 ਮਹੀਨਿਆਂ ਦੀ ਬੱਚੀ ਦੀ ਮੌਤ

**ਮੋਹਾਲੀ।** ਮੋਹਾਲੀ ਦੇ ਸ਼ਾਹੀ ਮਾਜਰਾ ਵਿਚ ਇਕ ਫ਼ੈਕਟਰੀ ਵਿੱਚ ਸ਼ਾਰਟ ਸਰਕਟ ਕਾਰਨ ਅਚਾਨਕ ਅੱਗ ਲੱਗ ਗਈ। ਇਸ ਹਾਦਸੇ ਵਿੱਚ ਇੱਕ ਨੌਂ ਮਹੀਨਿਆਂ ਦੀ ਬੱਚੀ ਦੀ ਮੌਤ ਹੋ ਗਈ, ਜਦੋਂ ਕਿ ਦੋ ਲੋਕ ਝੁਲਸ ਗਏ। ਅੱਗ ਨੂੰ ਦੇਖ ਕੇ ਆਲੇ-ਦੁਆਲੇ ਲੋਕਾਂ ਦੀ ਭੀੜ ਇਕੱਠੀ ਹੋ ਗਈ। ਨਾਲ ਹੀ ਫ਼ਾਇਰ ਬ੍ਰਿਗੇਡ ਨੂੰ ਘਟਨਾ ਦੀ ਜਾਣਕਾਰੀ ਦਿੱਤੀ ਗਈ। ਫ਼ਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ। ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲ ਦਾਖ਼ਲ ਕਰਵਾਇਆ ਗਿਆ। ਪੁਲਿਸ ਟੀਮਾਂ ਵੀ ਮੌਕੇ 'ਤੇ ਪਹੁੰਚ ਗਈਆਂ ਹਨ ਅਤੇ ਮਾਮਲੇ ਦੀ ਜਾਂਚ ਕਰ ਰਹੀਆਂ ਹਨ। ਜਾਣਕਾਰੀ ਅਨੁਸਾਰ ਇਹ ਘਟਨਾ ਅੱਜ ਸਵੇਰੇ ਵਾਪਰੀ। ਫੇਜ਼-5 ਵਿੱਚ ਡੀ 39 ਨਾਮ ਦੀ ਇੱਕ ਫ਼ੈਕਟਰੀ ਹੈ। ਜੋ ਲੋਹੇ ਦੀਆਂ ਡਾਈਆਂ ਬਣਾਉਂਦੀ ਹੈ। ਫ਼ਾਇਰ ਬ੍ਰਿਗੇਡ ਟੀਮ ਨੂੰ ਸਵੇਰੇ ਪੌਣੇ ਦਸ ਵਜੇ ਦੇ ਕਰੀਬ ਅੱਗ ਲੱਗਣ ਦੀ ਸੂਚਨਾ ਦਿੱਤੀ ਗਈ। ਇਸ ਤੋਂ ਬਾਅਦ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ। ਅੱਗ ਕਾਰਨ ਹੀਟ ਜ਼ਿਆਦਾ ਸੀ। ਇਸ



ਕਾਰਨ ਅੱਗ ਬੁਝਾਉਣ ਵਿੱਚ ਮੁਸ਼ਕਲ ਆ ਰਹੀ ਸੀ। ਇਸ ਦੌਰਾਨ, ਟੀਮ ਨੇ ਮੁਸ਼ੱਕਤ ਕਰਦੇ ਹੋਏ ਅੱਗ ਤੇ ਕਾਬੂ ਪਾਇਆ।

# 6 ਸਾਲਾਂ ਤੇਗਬੀਰ ਸਿੰਘ ਨੇ ਬਣਾਇਆ ਵਰਲਡ ਰਿਕਾਰਡ, ਰੂਸ ’ਚ ਸਥਿਤ ਮਾਊਂਟ ਐਲਰਬਸ ਨੂੰ ਕੀਤਾ ਸਰ

**ਰੋਪੜ।** ਰੋਪੜ ਦੇ ਤੇਗਬੀਰ ਸਿੰਘ ਨੇ ਰੂਸ ਵਿੱਚ ਸਥਿਤ ਮਾਊਂਟ ਐਲਬਰਸ ( ਯੂਰਪ ਮਹਾਦੀਪ ਦੀ ਸਭ ਤੋਂ ਉੱਚੀ ਚੋਟੀ ) ਨੂੰ 6 ਸਾਲ ਅਤੇ 9 ਮਹੀਨਿਆਂ ਦੀ ਉਮਰ ਵਿੱਚ ਸਰ ਕਰਕੇ ਵਰਲਡ ਰਿਕਾਰਡ ਬਣਾਇਆ ਹੈ । ਮਾਊਂਟ ਐਲਬਰਸ ਰੂਸ ਵਿੱਚ 18510 ਫੁੱਟ (5642 ਮੀਟਰ) ਦੀ ਉਚਾਈ 'ਤੇ ਸਥਿਤ ਹੈ। ਤੇਗਬੀਰ ਨੇ 20 ਜੂਨ ਨੂੰ ਮਾਊਂਟ ਐਲਬਰਸ ਤੱਕ ਟ੍ਰੈਕ ਸ਼ੁਰੂ ਕੀਤਾ ਅਤੇ 28 ਜੂਨ 2025 ਨੂੰ ਪਹਾੜ ਦੇ ਸਭ ਤੋਂ ਉੱਚੇ ਬਿੰਦੂ ਐਲਬਰਸ ਚੋਟੀ ਤੱਕ ਪਹੁੰਚਣ ਵਿੱਚ ਕਾਮਯਾਬ ਹੋਇਆ । ਇਹ ਇੱਕ ਘੱਟ ਆਕਸੀਜਨ ਟ੍ਰੈਕ ਹੈ ਅਤੇ ਉਚਾਈ ਨਾਲ ਜੁੜੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਤਿਆਰੀ ਦੀ ਲੋੜ ਹੁੰਦੀ ਹੈ। ਇਹਨਾਂ ਸਾਰੀਆਂ ਚੁਣੌਤੀਆਂ ਨੂੰ ਜਿੱਤਦੇ ਹੋਏ, ਉਹ ਚੋਟੀ ਦੇ ਸਿਖਰ 'ਤੇ ਪਹੁੰਚ ਗਿਆ, ਜਿੱਥੇ ਆਮ ਤਾਪਮਾਨ - 10 ਸੈਲਸੀਅਸ ਹੈ, ਅਤੇ ਉਸ ਨੇ ਆਪਣਾ ਸੁਪਨਾ ਪੂਰਾ ਕੀਤਾ। ਇਸ ਸ਼ਾਨਦਾਰ ਪ੍ਰਾਪਤੀ ਤੋਂ ਬਾਅਦ ਉਸ ਨੂੰ ਮਾਊਂਟੇਨੀਅਰਿੰਗ, ਰੌਕ ਕਲਾਈਮਿੰਗ ਐਂਡ ਸਪੋਰਟਸ ਟੂਰਿਜ਼ਮ ਫੈਡਰੇਸ਼ਨ ਆਫ ਕਬਾਰਡੀਨੋ - ਬਲਕਾਰੀਅਨ



ਰਿਪਬਲਿਕ (ਰੂਸ) ਦੁਆਰਾ ਜਾਰੀ ਕੀਤਾ ਗਿਆ ਮਾਊਂਟੇਨ ਕਲਾਈਮਿੰਗ ਸਰਟੀਫਿਕੇਟ ਅਤੇ ਮੈਡਲ ਨਾਲ ਸਨਮਾਨਤ ਕੀਤਾ ਗਿਆ । ਤੇਗਬੀਰ ਸਿੰਘ ਰੋਪੜ ਦੇ ਵਿੱਚ ਇਕ ਨਾਮੀ ਨਿੱਜੀ ਸਕੂਲ ਦਾ ਦੂਜੀ ਜਮਾਤ ਦਾ ਵਿਦਿਆਰਥੀ ਹੈ । ਇਸ ਕਾਰਨਾਮੇ ਨਾਲ ਉਸਨੇ 6 ਸਾਲ ਅਤੇ 9 ਮਹੀਨੇ ਦੀ ਉਮਰ ਵਿੱਚ ਮਾਊਂਟ ਐਲਬਰਸ ਦੀ ਚੜ੍ਹਾਈ ਦਾ ਨਵਾਂ ਵਿਸ਼ਵ ਰਿਕ-ਾਰਡ ਕਾਇਮ ਕੀਤਾ । ਇਸ ਕਾਮਯਾਬੀ ਨਾਲ ਤੇਗਬੀਰ ਸਿੰਘ ਨੇ ਵਾਘਾ ਕੁਸ਼ਗਰਾ (ਮਹਾਰਾਸ਼ਟਰ ) ਦੇ ਵਿਸ਼ਵ ਰਿਕਾਰਡ ਨੂੰ ਪਛਾੜ ਦਿੱਤਾ ਜਿਸ ਨੇ ਪਿਛਲੇ ਸਾਲ 7 ਸਾਲ ਅਤੇ 3 ਮਹੀਨੇ ਦੀ ਉਮਰ ਵਿੱਚ ਵਿਸ਼ਵ ਰਿਕਾਰਡ ਬਣਾਇਆ ਸੀ । ਤੇਗਬੀਰ ਅਗਸਤ 2024 ਵਿੱਚ ਮਾਊਂਟ ਕਿਲੀਮੰਜਾਰੋ (ਅਫ਼ਰੀਕੀ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ) ਨੂੰ ਸਰ ਕਰਨ ਵਾਲਾ ਸਭ ਤੋਂ ਘੱਟ ਉਮਰ ਦਾ ਏਸ਼ੀਆਈ ਬਣ ਗਿਆ ਸੀ ਅਤੇ ਉਸ ਦਾ ਨਾਮ ਏਸ਼ੀਆ ਬੁੱਕ ਆਫ਼ ਰਿਕ-ਾਰਡ ਅਤੇ ਇੰਡੀਆ ਬੁੱਕ ਆਫ਼ ਰਿਕਾਰਡ ਵਿੱਚ ਸ਼ਾਮਲ ਹੈ। ਉਹ ਅਪ੍ਰੈਲ 2024 ਵਿੱਚ ਮਾਊਂਟ ਐਵਰੈਸਟ ਬੇਸ ਕੈਂਪ (ਨੇਪਾਲ) ਤੱਕ ਜਾ ਚੁੱਕਾ ਹੈ । ਉਸ ਨੂੰ ਸਰਦਾਰ ਬਿਕਰਮਜੀਤ ਸਿੰਘ ਘੁੰਮਣ (ਸੇਵਾ-ਮੁਕਤ ਕੋਚ) ਦੁਆਰਾ ਸਿਖਲਾਈ ਦਿੱਤੀ ਗਈ ਸੀ ਜੋ ਉਸ ਨੂੰ ਉਚਾਈ ਨਾਲ ਸਬੰਧਤ ਬਿਮਾਰੀਆਂ ਨਾਲ ਨਜਿੱਠਣ, ਫੇਫੜਿਆਂ ਦੀ ਸਮਰੱਥਾ ਵਧਾਉਣ ਨਾਲ ਸਬੰਧਤ ਅਭਿਆਸਾਂ ਵਿੱਚ ਮਦਦ ਕਰਦੇ ਹਨ । ਉਹ ਹਫ਼ਤਾਵਾਰੀ ਟ੍ਰੈਕ 'ਤੇ ਜਾਂਦਾ ਸੀ ਅਤੇ ਵੱਖ-ਵੱਖ ਬਰਫ਼ੀਲੇ ਪਹਾੜੀ ਸਥਾਨਾਂ ਤੇ ਆਪਣੇ ਕੋਚ ਨਾਲ ਸਿਖਲਾਈ ਲਈ ਜਾਂਦਾ ਰਿਹਾ ਹੈ । ਇਹ ਚੜ੍ਹਾਈ ਮਾਊਂਟ ਕਿਲੀਮੰਜਾਰੋ ਅਤੇ ਉਸ ਵੱਲੋਂ ਪਹਿਲਾਂ ਕੀਤੇ ਗਏ ਹੋਰ ਟ੍ਰੈਕਾਂ ਦੇ ਮੁਕਾਬਲੇ ਵੱਖਰੀ ਸੀ। ਇਹ ਪਹਿਲੀ ਵਾਰ ਸੀ ਜਦੋਂ ਉਹ ਬਰਫ਼ ਵਿੱਚ ਉੱਚੇ ਬੂਟ, ਕਰੈਂਪੌਨ, ਹਾਰਨੈੱਸ ਅਤੇ ਆਕਸੀਜਨ ਸਪੋਰਟ ਨਾਲ ਤੁਰ ਰਿਹਾ ਸੀ। ਇਸ ਨਾਲ ਪੈਰਾਂ ਤੇ ਭਾਰ ਲਗਭਗ 3-4 ਕਿਲੋਗ੍ਰਾਮ ਵਧ ਜਾਂਦਾ ਹੈ ।

# 30,000 ਰੁਪਏ ਰਿਸ਼ਵਤ ਲੈਂਦਾ ਹੌਲਦਾਰ ਨੂੰ ਵਿਜੀਲੈਂਸ ਨੇ ਰੰਗੇ ਹੱਥੀਂ ਕੀਤਾ ਕਾਬੂ



**ਪਟਿਆਲਾ।** ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਮੁਹਿੰਮ ਨੂੰ ਜਾਰੀ ਰੱਖਦਿਆਂ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਜ਼ਿਲ੍ਹਾ ਪਟਿਆਲਾ ਦੀ ਪੁਲਿਸ ਚੌਕੀ ਪਾਤੜਾਂ ਵਿਖੇ ਤਾਇਨਾਤ ਹੌਲਦਾਰ ਮਨਦੀਪ ਸਿੰਘ ਨੂੰ 30,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆ ਅੱਜ ਇਥੇ ਰਾਜ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਇਸ ਮੁਲਜ਼ਮ ਪੁਲਿਸ ਕਰਮਚਾਰੀ ਨੂੰ ਜ਼ਿਲ੍ਹਾ ਸੰਗਰੂਰ ਦੀ ਤਹਿਸੀਲ ਮੂਨਕ ਦੇ ਪਿੰਡ ਝਲੂਰ ਦੇ ਰਹਿਣ ਵਾਲੇ ਇੱਕ ਵਿਅਕਤੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਪੁਲਿਸ ਕਰਮਚਾਰੀ ਨੇ ਉਸ ਤੋਂ 30,000 ਰੁਪਏ ਦੀ ਰਿਸ਼ਵਤ ਮੰਗੀ ਹੈ ਅਤੇ ਰਿਸ਼ਵਤ ਨਾ ਦੇਣ ਦੀ ਸੂਰਤ ਵਿੱਚ ਉਸ ‘ਤੇ ਅਸਲਾ ਕਾਨੂੰਨ ਤਹਿਤ ਝੂਠੀ ਐਫਆਈਆਰ ਦਰਜ ਕਰਨ ਦੀ ਧਮਕੀ ਦਿੱਤੀ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਪੜਤਾਲ ਤੋਂ ਬਾਅਦ ਪਟਿਆਲਾ ਰੇਂਜ ਦੀ ਵਿਜੀਲੈਂਸ ਬਿਊਰੋ ਟੀਮ ਨੇ ਜਾਲ ਵਿਛਾਇਆ ਅਤੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਹੌਲਦਾਰ ਮਨਦੀਪ ਸਿੰਘ ਨੂੰ 30000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਮੌਕੇ 'ਤੇ ਹੀ ਉਸ ਤੋਂ ਰਿਸ਼ਵਤਖੋਰੀ ਦੀ ਰਕਮ ਵੀ ਬਰਾਮਦ ਕਰ ਲਈ ਗਈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪਾਕਿਸਤਾਨ ਦੇ ਨਾਬਾਲਗ ਜੋੜੇ ਦਾ ਭਾਰਤ ਵਸਣ ਦਾ ਸੁਪਨਾ ਦੁਖਾਂਤ ’ਚ ਖਤਮ

**ਜੈਸਲਮੇਰ :** ਭਾਰਤ ’ਚ ਨਵੇਂ ਸਿਰੇ ਤੋਂ ਸ਼ੁਰੂਆਤ ਕਰਨ ਦਾ ਚਾਹਵਾਨ ਪਾਕਿਸਤਾਨ ਦਾ ਇਕ ਨਾਬਾਲਗ ਜੋੜਾ ਜਦੋਂ ਭਾਰਤੀ ਵੀਜ਼ਾ ਹਾਸਲ ਕਰਨ ’ਚ ਨਾਕਾਮਯਾਬ ਰਿਹਾ ਤਾਂ ਨਿਰਾਸ਼ਾ ’ਚ, ਉਨ੍ਹਾਂ ਨੇ ਗ਼ੈਰਕਾਨੂੰਨੀ ਤਰੀਕੇ ਨਾਲ ਥਾਰ ਮਾਰੂਥਲ ਰਾਹੀਂ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕੀਤੀ, ਜੋ ਉਨ੍ਹਾਂ ਲਈ ਮਾਰੂ ਸਾਬਤ ਹੋਈ। 17 ਸਾਲ ਦਾ ਮੁੰਡਾ ਅਤੇ 15 ਸਾਲ ਦੀ ਕੁੜੀ ਨੇ ਮੁਸ਼ਕਲ ਹਾਲਾਤ ਦਾ ਸਾਹਮਣਾ ਕਰਦਿਆਂ ਜੈਸਲਮੇਰ ਵਿਚ ਦਾਖਲ ਹੋਣ ਵਿਚ ਸਫਲਤਾ ਤਾਂ ਹਾਸਲ ਕੀਤੀ, ਪਰ ਸਖ਼ਤ ਗਰਮੀ ਆਖਰਕਾਰ ਉਨ੍ਹਾਂ ਲਈ ਘਾਤਕ ਸਾਬਤ ਹੋਈ, ਜਦੋਂ ਜੋੜੇ ਦੀ ਕਥਿਤ ਤੌਰ ਉਤੇ ਸਰੀਰ ਦਾ ਪਾਣੀ ਖ਼ਤਮ ਹੋਣ ਕਾਰਨ ਮੌਤ ਹੋ ਗਈ। ਉਨ੍ਹਾਂ ਦੀਆਂ ਗਲੀਆਂ-ਸੜੀਆਂ ਹੋਈਆਂ ਲਾਸ਼ਾਂ 28 ਜੂਨ ਨੂੰ ਤਨੋਟ ਖੇਤਰ ਵਿਚ ਮਿਲੀਆਂ ਸਨ। ਪੁਲਿਸ ਸੁਪਰਡੈਂਟ (ਐਸ.ਪੀ.) ਚੌਧਰੀ ਨੇ ਦਸਿਆ ਕਿ ਲੜਕੇ ਦੀ ਲਾਸ਼ ਇਕ ਦਰੱਖਤ ਹੇਠੋਂ ਮਿਲੀ ਹੈ। ਉਸ ਨੇ ਨੀਲੇ ਰੰਗ ਦਾ ਸਲਵਾਰ ਕੁੜਤਾ ਪਹਿਨਿਆ ਹੋਇਆ ਸੀ। ਲਾਸ਼ ਦੇ ਨੇੜੇ ਇਕ ਪੀਲੇ ਰੰਗ ਦਾ ਸਕਾਰਫ ਅਤੇ ਇਕ ਮੋਬਾਈਲ ਫੋਨ ਵੀ ਮਿਲਿਆ ਹੈ, ਜਿਸ ਨਾਲ ਇਕ ਖਾਲੀ ਬੋਤਲ ਸੀ, ਜਿਸ ਵਿਚ ਸ਼ਾਇਦ ਪਹਿਲਾਂ ਪਾਣੀ ਸੀ। ਕਰੀਬ 50 ਫੁੱਟ ਦੀ ਦੂਰੀ ਉਤੇ ਪੁਲਿਸ ਨੂੰ ਲੜਕੀ ਦੀ ਲਾਸ਼ ਮਿਲੀ, ਜਿਸ ਨੇ ਪੀਲੇ ਰੰਗ ਦਾ ਘੱਗਰਾ-ਕੁਰਤਾ ਅਤੇ ਲਾਲ-ਚਿੱਟੀ ਚੂੜੀਆਂ ਪਹਿਨੀਆਂ ਹੋਈਆਂ ਸਨ। ਦੋਵੇਂ ਲਾਸ਼ਾਂ ਆਹਮੋ-ਸਾਹਮਣੇ ਪਈਆਂ ਸਨ ਅਤੇ ਇਸ ਹੱਦ ਤਕ ਸੜ ਗਈਆਂ ਸਨ ਕਿ ਚਿਹਰੇ ਦੀ ਪਛਾਣ ਸੰਭਵ ਨਹੀਂ ਸੀ। ਚੌਧਰੀ ਨੇ ਕਿਹਾ ਕਿ ਦੋਵੇਂ ਲਾਸ਼ਾਂ ਕਈ



ਦਿਨ ਪੁਰਾਣੀਆਂ ਜਾਪਦੀਆਂ ਹਨ, ਜੋ ਸੜਨ ਕਾਰਨ ਕਾਲੀਆਂ ਹੋ ਗਈਆਂ ਸਨ। ਉਨ੍ਹਾਂ ਕਿਹਾ ਕਿ ਪਹਿਲੀ ਨਜ਼ਰ ’ਚ ਉਨ੍ਹਾਂ ਦੀ ਮੌਤ ਸਰੀਰ ਦਾ ਪਾਣੀ ਖ਼ਤਮ ਹੋਣ ਕਾਰਨ ਹੋਈ ਹੈ। ਲਾਸ਼ਾਂ ਦੇ ਨੇੜੇ ਪਾਕਿਸਤਾਨੀ ਪਛਾਣ ਪੱਤਰ ਵੀ ਮਿਲੇ ਹਨ। ਸੀਮਾਂਤ ਲੋਕ ਸੰਗਠਨ ਦੇ ਜ਼ਿਲ੍ਹਾ ਕੋਆਰਡੀਨੇਟਰ ਦਿਲੀਪ ਸਿੰਘ ਸੋਧਾ ਨੇ ਦਸਿਆ ਕਿ ਲੜਕਾ ਪਾਕਿਸਤਾਨ ਦੇ ਸਿੰਧ ਸੂਬੇ ਦਾ ਰਹਿਣ ਵਾਲਾ ਸੀ ਅਤੇ ਉਸ ਨੇ ਕਰੀਬ ਡੇਢ ਸਾਲ ਪਹਿਲਾਂ ਭਾਰਤ ਦੇ ਤੀਰਥ ਯਾਤਰਾ ਵੀਜ਼ੇ ਲਈ ਅਰਜ਼ੀ ਦਿਤੀ ਸੀ। ਸੋਧਾ ਨੇ ਕਿਹਾ ਕਿ ਜਦੋਂ ਲੜਕੇ ਨੇ ਭਾਰਤੀ ਵੀਜ਼ਾ ਹਾਸਲ ਕਰਨ ਦੀ ਸਾਰੀ ਉਮੀਦ ਗੁਆ ਦਿਤੀ ਤਾਂ ਉਸ ਨੇ ਅਪਣੀ ਪਤਨੀ ਨਾਲ ਸਰਹੱਦ ਪਾਰ ਕਰਨ ਦਾ ਫੈਸਲਾ ਕੀਤਾ।

ਉਨ੍ਹਾਂ ਕਿਹਾ, ‘‘ਉਹ ਭਾਰਤ ਵਿਚ ਰਹਿਣਾ ਚਾਹੁੰਦਾ ਸੀ। ਉਹ ਕਿਸੇ ਤਰ੍ਹਾਂ ਭਾਰਤੀ ਖੇਤਰ ਵਿਚ ਦਾਖਲ ਹੋਇਆ ਪਰ ਬਦਕਿਸਮਤੀ ਨਾਲ ਬਿਹਤਰ ਜ਼ਿੰਦਗੀ ਦੀ ਉਮੀਦ ਵਿਚ ਉਸ ਦੀ ਮੌਤ ਹੋ ਗਈ।’’ ਸੋਧਾ ਨੇ ਸੋਸ਼ਲ ਮੀਡੀਆ ਉਤੇ ਆਈ.ਡੀ. ਕਾਰਡਾਂ ਦੇ ਵੇਰਵੇ ਵੰਡੇ ਅਤੇ ਜੈਸਲਮੇਰ ਵਿਚ ਲੜਕੇ ਦੇ ਰਿਸ਼ਤੇਦਾਰਾਂ ਦੇ ਸੰਪਰਕ ਵਿਚ ਆਇਆ, ਜਿਨ੍ਹਾਂ ਨੇ ਉਸ ਦੀ ਪਛਾਣ ਦੀ ਪੁਸ਼ਟੀ ਕੀਤੀ। ਸੀਮਾਂਤ ਲੋਕ ਸੰਗਠਨ ਭਾਰਤ ਵਿਚ ਪਾਕਿਸਤਾਨੀ ਘੱਟ ਗਿਣਤੀ ਪ੍ਰਵਾਸੀਆਂ ਦੇ ਅਧਿਕਾਰਾਂ ਲਈ ਇਕ ਵਕਾਲਤ ਸਮੂਹ ਹੈ। ਦੋਹਾਂ ਵਲੋਂ ਕੀਤੀ ਗਈ ਮੁਸ਼ਕਲ ਯਾਤਰਾ ਦਾ ਵੇਰਵਾ ਸਾਂਝਾ ਕਰਦਿਆਂ ਸੋਧਾ ਨੇ ਕਿਹਾ ਕਿ ਉਸ ਦੇ ਰਿਸ਼ਤੇਦਾਰਾਂ ਅਨੁਸਾਰ, ਲੜਕੇ ਦੀ ਬਾਈਕ ਸਰਹੱਦ ਤੋਂ ਲਗਭਗ 20 ਕਿਲੋਮੀਟਰ ਦੀ ਦੂਰੀ ਉਤੇ ਮਿਲੀ ਸੀ ਅਤੇ ਉਨ੍ਹਾਂ ਦੀਆਂ ਲਾਸ਼ਾਂ ਭਾਰਤ ਦੇ ਅੰਦਰ ਲਗਭਗ 12-13 ਕਿਲੋਮੀਟਰ ਅੰਦਰ ਮਿਲੀਆਂ ਸਨ। ਇਸ ਤੋਂ ਪਤਾ ਲਗਦਾ ਹੈ ਕਿ ਉਹ ਕਈ ਕਿਲੋਮੀਟਰ ਤਕ ਮਾਰੂਥਲ ਵਿਚ ਤੁਰਦੇ ਰਹੇ ਸਨ। ਜੈਸਲਮੇਰ ਦੇ ਸਰਕਲ ਅਧਿਕਾਰੀ ਰੂਪ ਸਿੰਘ ਇੰਦਾ ਨੇ ਕਿਹਾ ਕਿ ਪੁਲਿਸ ਨੇ ਜੈਸਲਮੇਰ ਦੇ ਸਥਾਨਕ ਵਿਦੇਸ਼ੀ ਰਜਿਸਟ੍ਰੇਸ਼ਨ ਦਫਤਰ (ਐਫ.ਆਰ.ਓ.) ਤੋਂ ਲੜਕੇ ਦੀ ਵੀਜ਼ਾ ਅਰਜ਼ੀ ਬਾਰੇ ਜਾਣਕਾਰੀ ਮੰਗੀ ਹੈ। ਇੰਦਾ ਨੇ ਕਿਹਾ, ‘‘ਸਾਨੂੰ ਅਜੇ ਤਕ ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।’’ ਅਧਿਕਾਰੀ ਨੇ ਕਿਹਾ ਕਿ ਪੋਸਟਮਾਰਟਮ ਕੀਤਾ ਗਿਆ ਹੈ ਅਤੇ ਅੰਤਿਮ ਸੰਸਕਾਰ ਸਥਾਨਕ ਅਧਿਕਾਰੀਆਂ ਵਲੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

## ਫਿਰੋਜ਼ਪੁਰ 'ਚ ਪਾਣੀ ਨਾਲ ਭਰੇ ਟੋਏ ਵਿਚ ਡੁੱਬਣ ਕਾਰਨ ਦੋ ਮਾਸੂਮ ਭੈਣਾਂ ਦੀ ਮੌਤ



**ਫਿਰੋਜ਼ਪੁਰ।** ਫਿਰੋਜ਼ਪੁਰ ਦੇ ਪਿੰਡ ਖਲਚੀਆਂ ਜਾਦੀਦ ’ਚ ਦੋ ਚਚੇਰੀਆਂ ਭੈਣਾਂ ਦੀ ਪਾਣੀ ਦੇ ਟੋਏ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਪੀੜਤ ਪਰਿਵਾਰ ਦੇ ਮੈਂਬਰਾਂ ਅਨੁਸਾਰ, ਭੱਠੇ ਦੇ ਮਾਲਕ ਨੇ ਮੀਂਹ ਦਾ ਪਾਣੀ ਅਤੇ ਕਲੋਨੀ ਦਾ ਪਾਣੀ ਸੁੱਟਣ ਲਈ ਟੋਏ ਪੁੱਟੇ ਸਨ ਤੇ ਦੋਵੇਂ ਚਚੇਰੀਆਂ ਭੈਣਾਂ, ਜਿਨ੍ਹਾਂ ਦੀ ਉਮਰ ਚਾਰ ਅਤੇ ਪੰਜ ਸਾਲ ਸੀ, ਅਚਾਨਕ ਫਿਸਲ ਕੇ ਇਸ ਪਾਣੀ ਦੇ ਟੋਏ ਵਿੱਚ ਡਿੱਗ ਗਈਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਕਾਫ਼ੀ ਦੇਰ ਤੱਕ ਪਤਾ ਨਹੀਂ ਲੱਗਾ ਅਤੇ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਤਾਂ ਬਹੁਤ ਦੇਰ ਹੋ ਚੁੱਕੀ ਸੀ। ਪੀੜਤ ਪਰਿਵਾਰ ਦੇ ਮੈਂਬਰਾਂ ਨੇ ਦੱਸਿਆ ਕਿ ਭੱਠਾ ਮਾਲਕ ਨੇ ਮੀਂਹ ਦੇ ਪਾਣੀ ਨੂੰ ਕੱਢਣ ਲਈ ਇੱਕ ਵੱਡਾ ਟੋਆ ਪਾਇਆ ਸੀ ਅਤੇ ਮੀਂਹ ਤੋਂ ਬਾਅਦ ਇਹ ਟੋਆ ਪਾਣੀ ਨਾਲ ਭਰ ਗਿਆ ਅਤੇ ਸਾਡੇ ਬੱਚੇ ਅਚਾਨਕ ਫਿਸਲ ਕੇ ਇਸ ਪਾਣੀ ਨਾਲ ਭਰੇ ਟੋਏ ਵਿੱਚ ਡਿੱਗ ਗਏ ਜਿਸ ਕਾਰਨ ਦੋਵੇਂ ਬੱਚਿਆਂ ਦੀ ਇਸ ਟੋਏ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਅਸੀਂ ਇਨਸਾਫ਼ ਦੀ ਮੰਗ ਕਰਦੇ ਹਾਂ ਅਤੇ ਭੱਠੇ ਮਾਲਕ ਵਿਰੁੱਧ ਢੁਕਵੀਂ ਕਾਰਵਾਈ ਕੀਤੀ ਜਾਵੇ। ਪੁਲਸ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ਿਕਾਇਤ ਮਿਲੀ ਹੈ ਕਿ ਦੋ ਕੁੜੀਆਂ ਦੀ ਪਾਣੀ ਦੇ ਟੋਏ ਵਿੱਚ ਡੁੱਬਣ ਕਾਰਨ ਮੌਤ ਹੋ ਗਈ ਹੈ, ਜਿਨ੍ਹਾਂ ਨੂੰ ਸਿਵਲ ਹਸਪਤਾਲ ਫਿਰੋਜ਼ਪੁਰ ਲਿਆਂਦਾ ਗਿਆ, ਉੱਥੋਂ ਉਨ੍ਹਾਂ ਨੂੰ ਪੋਸਟਮਾਰਟਮ ਲਈ ਫਰੀਦਕੋਟ ਮੈਡੀਕਲ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ ਅਤੇ ਭੈਣਾਂ ਦੇ ਆਧਾਰ ’ਤੇ ਢੁਕਵੀਂ ਪੁਲਿਸ ਕਾਰਵਾਈ ਕੀਤੀ ਜਾ ਰਹੀ ਹੈ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪੀਆਰਟੀਸੀ ਮੁਲਾਜ਼ਮਾਂ ਨੇ ਲੁਧਿਆਣਾ ਚੰਡੀਗੜ੍ਹ ਹਾਈਵੇਅ ਕੀਤਾ ਜਾਮ

## ਆਪਣੀਆਂ ਮੰਗਾਂ ਮੰਨਵਾਉਣ ਲਈ ਚੁੱਕਿਆ ਕਦਮ : ਮੁਲਾਜ਼ਮ

**ਮੋਹਾਲੀ।** ਪੀਆਰਟੀਸੀ ਮੁਲਾਜ਼ਮਾਂ ਨੇ ਲੁਧਿਆਣਾ ਚੰਡੀਗੜ੍ਹ ਹਾਈਵੇਅ ਜਾਮ ਕਰ ਦਿਤਾ ਹੈ। ਜਾਣਕਾਰੀ ਅਨੁਸਾਰ ਮੁਲਾਜ਼ਮਾਂ ਨੇ ਇਹ ਕਦਮ ਆਪਣੀਆਂ ਮੰਗਾਂ ਮੰਨਵਾਉਣ ਲਈ ਇਹ ਧਰਨਾ ਲਗਾਇਆ ਹੈ। ਲੁਧਿਆਣਾ ਚੰਡੀਗੜ੍ਹ ਹਾਏਵਅ 'ਤੇ 2 ਤੋਂ 3 ਕਿਲੋਮੀਟਰ ਤਕ ਜਾਮ ਲਗਿਆ ਹੋਇਆ ਹੈ। ਜਿਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਰਮਚਾਰੀਆਂ ਵਲੋਂ ਮੰਗ ਕੀਤੀ ਜਾ ਰਹੀ ਹੈ ਕਿ ਕੱਚੇ ਮੁਲਾਜ਼ਮਾਂ ਨੂੰ ਪੱਕੇ ਕੀਤਾ ਜਾਵੇ ਅਤੇ ਪੰਜਾਬ ਸਰਕਾਰ ਜੋ ਪ੍ਰਾਈਵੇਟ ਬੱਸਾਂ ਕਿਲੋਮੀਟਰ ਦੇ ਹਿਸਾਬ ਨਾਲ ਚਲਾਉਣਾ ਚਾਹੁੰਦੀ ਹੈ ਜਿਸ ਦਾ



ਯੂਨੀਅਨ ਵਲੋਂ ਵਿਰੋਧ ਕੀਤਾ ਜਾ ਰਿਹਾ ਹੈ। ਧਰਨਾ ਬਿਲਕੁਲ ਸ਼ਾਂਤਮਈ ਚੱਲ ਰਿਹਾ ਸੀ ਪਰ ਕੋਈ ਵੀ ਅਧਿਕਾਰੀ ਜਦੋਂ ਮੌਕੇ 'ਤੇ ਨਹੀਂ ਪਹੁੰਚਿਆ ਤਾਂ ਇਹ ਮੁਲਾਜ਼ਮ ਖਰੜ ਤੋਂ ਸੈਕਟਰ-17 ਚੰਡੀਗੜ੍ਹ ਵਲ ਨੂੰ ਕੂਚ ਕਰਨ ਲੱਗੇ ਤਾਂ ਖਰੜ ਪੁਲਿਸ ਉਨ੍ਹਾਂ ਨੂੰ ਖਦੇੜਦਿਆਂ ਕੁਝ ਮੁਲਾਜ਼ਮਾਂ ਨੂੰ ਆਪਣੇ ਨਾਲ ਲੈ ਗਈ। ਜਿਸ 'ਤੇ ਬਾਕੀ ਮੁਲਾਜ਼ਮਾਂ ਨੇ ਚੰਡੀਗੜ੍ਹ ਖਰੜ ਹਾਈਵੇ ਜਾਮ ਕਰ ਦਿਤਾ। ਹੁਣ ਮੁਲਾਜ਼ਮਾਂ ਦੀ ਪੁਲਿਸ ਨਾਲ ਗੱਲਬਾਤ ਕਰਨ ਤੋਂ ਬਾਅਦ ਮੁਲਾਜ਼ਮਾਂ ਨੇ ਇਹ ਧਰਨਾ ਖਰੜ ਹਾਈਵੇ ਤੋਂ ਚੁੱਕ ਦਿਤਾ ਅਤੇ ਪ੍ਰਸ਼ਾਸਨ ਨੂੰ ਮੰਗ ਕੀਤੀ ਕਿ ਸਾਨੂੰ ਕਿਸੇ ਵੀ ਸਥਾਨ 'ਤੇ ਧਰਨਾ ਲਗਾਣ ਦੀ ਮੰਨਜ਼ੂਰੀ ਦਿਤੀ ਜਾਵੇ ਤਾਂ ਜੋ ਟਰੈਫ਼ਿਕ ਵਿਚ ਮੁਸ਼ਕਿਲ ਨਾ ਆਵੇ।

# 66 ਕੇ. ਵੀ. ਬਿਜਲੀ ਘਰ ਮਹਿਤਪੁਰ ਵਿਖੇ ਪਿੰਦਰ ਪੰਡੋਰੀ ਵੱਲੋਂ ਨਵੇਂ ਬਰੇਕਰ ਦਾ ਉਦਘਾਟਨ ਕੀਤਾ ਗਿਆ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਉਪ ਮੰਡਲ ਮਹਿਤਪੁਰ ਅਧੀਨ 66 ਕੇ.ਵੀ ਬਿਜਲੀ ਘਰ ਮਹਿਤਪੁਰ ਵਿਖੇ 24 ਘੰਟੇ ਯੂ.ਪੀ.ਐਸ ਸਪਲਾਈ ਫੀਡਰ ਰੌਲੀ ਦੇ ਬਰੇਕਰ ਦਾ ਉਦਘਾਟਨ ਮਾਨਯੋਗ ਹਲਕਾ ਇੰਚਾਰਜ ਸ਼ਾਹਕੋਟ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਵੱਲੋਂ ਆਪਣੇ ਘਰ ਕਮਲਾ ਨਾਲ ਕੀਤਾ ਗਿਆ। ਇਸ ਮੌਕੇ ਇੰਦਰਜੀਤ ਸਿੰਘ ਵਧੀਕ ਨਿਗਰਾਨ ਇੰਜੀ: ਸਹਿਰੀ ਮੰਡਲ ਨਕੋਦਰ ਵੱਲੋਂ ਦੱਸਿਆ ਗਿਆ ਕਿ ਇਸ ਸਬ ਡਵੀਜਨ ਅਧੀਨ ਪੈਂਦੇ 12 ਪਿੰਡਾਂ ਨੂੰ ਸਪਲਾਈ ਇੱਕ ਹੀ ਬਰੇਕਰ ਤੋਂ ਚੱਲ ਰਹੀ ਸੀ ਇਹ ਬਰੇਕਰ ਲੱਗਣ ਨਾਲ 6 ਪਿੰਡਾਂ ਨੂੰ ਅਲੱਗ ਕਰ ਦਿੱਤਾ ਗਿਆ ਹੈ। ਇਸ ਨਾਲ ਸਪਲਾਈ ਦਾ ਬਹੁਤ ਵੱਡਾ ਸੁਧਾਰ ਹੋਵੇਗਾ। ਜਿਸ ਨਾਲ ਇਲਾਕੇ ਵਿੱਚ ਪੈਂਦੇ ਖਪਤਕਾਰਾਂ ਨੂੰ ਬਿਜਲੀ ਸਪਲਾਈ ਨਿਰਵਿਘਨ ਮਿਲ ਮਿਲੇਗੀ ਇਸ ਮੌਕੇ



ਇੰਜੀਨੀਅਰ ਵਿਨੇ ਕੋਮਲ ਵਧੀਕ ਨਿਗਰਾਨ ਇੰਜੀ: ਨਕੋਦਰ ਇੰਜੀ: ਬਲਵਿੰਦਰ ਸਿੰਘ ਉਪ ਮੰਡਲ ਅਫਸਰ ਮਹਿਤਪੁਰ ਇੰਜ: ਸੁਖਜਿੰਦਰ ਸਿੰਘ ਜੇ.ਈ, ਇੰਜੀ: ਦਵਿੰਦਰ ਸਿੰਘ ਜੇ.ਈ, ਇੰਜੀ: ਹਿਤੇਸੀ ਡੋਗਰਾ ਜੇ.ਈ, ਐਸ ਐਸ ਓ ਗੁਰਿੰਦਰ ਸਿੰਘ ਸਮੇਤ ਉਪਮੰਡਲ ਮਹਿਤਪੁਰ ਦਾ ਸਾਰਾ ਸਟਾਫ ਅਤੇ ਸ਼ਹਿਰ ਦੇ ਮੋਹਤਬਰ ਦੀਪਕ ਸੂਦ, ਅਜੇ ਸੂਦ,ਹਨੀ ਰਾਮੂਵਾਲੀਆ ਸਰਪੰਚ,ਸਾਬੀ ਧਾਲੀਵਾਲ ਬਲਾਕ ਪ੍ਰਧਾਨ, ਸੰਤੋਖ ਸਿੰਘ ਸਰਪੰਚ ਸਿੰਘਪੁਰ, ਬਲਬੀਰ ਸਿੰਘ ਪੰਜਾਬ, ਕਮਲਜੀਤ ਕੌਰ ਮਾਲੋਵਾਲ,ਦੀਪਾ, ਹੈਪੀ, ਸਾਹਿਬ ਸਿੰਘ ਧਾਰੀਵਾਲ, ਰਕੇਸ਼ ਆੜਤੀਆ, ਮਹਾਂਵੀਰ ਨਿੱਕੂ, ਦਲਜੀਤ ਬਾਜਵਾ ਆਦਿ ਹਾਜ਼ਰ ਸਨ।



# ਲਾਇਨਜ਼ ਕਲੱਬ ਨੇ ਅਣਸੁਖਾਵੀਆਂ ਘਟਨਾਵਾਂ ਨਾ ਵਾਪਰਨ ਅਤੇ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾ ਕੀਤੀ - ਕਲੱਬ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ

## ਨਵੀਂ ਟੀਮ ਦੇ ਗਠਨ ਅਤੇ ਨਵੇਂ ਸਾਲ ਦੇ ਪ੍ਰੋਜੈਕਟਸ ਲਈ ਹੋਈਆਂ ਅਹਿਮ ਵਿਚਾਰਾਂ - ਲਾਇਨ ਅਸ਼ੋਕ ਸੰਧੂ ਨੰਬਰਦਾਰ



**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਲਾਇਨਜ਼ ਕਲੱਬ ਨੂਰਮਹਿਲ ਦੀ ਮਹਿਲਾ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਦੀ ਪ੍ਰਧਾਨਗੀ ਹੇਠ ਸਾਲ 2024-25 ਦੇ ਅੰਤਿਮ ਦਿਨ 30 ਜੂਨ ਨੂੰ ਵਿਸ਼ੇਸ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਦੁਨੀਆ ਵਿੱਚ ਨਿੱਤ ਹੁੰਦੇ ਹਾਦਸਿਆਂ ਖਾਸਕਰ ਅਹਿਮਦਾਬਾਦ ਜਹਾਜ਼ ਹਾਦਸੇ ਵਿੱਚ ਜ਼ਿੰਦਾ ਸੜ੍ਹਕੇ ਮਰ ਗਈਆਂ 275 ਕੀਮਤੀ ਜਾਨਾਂ ਪ੍ਰਤੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ, ਪਹਿਲਗਾਮ ਆਤੰਕੀ ਹਮਲਾ, ਵਿਦੇਸ਼ਾਂ ਵਿੱਚ ਲੱਗੀਆਂ ਜੰਗਾਂ ਵਿੱਚ ਮਰ ਰਹੇ ਬੇਕਸੂਰ ਲੋਕ ਆਦਿ ਦੇ ਗੰਭੀਰ ਮਸਲਿਆਂ ਦਾ ਅਧਿਐਨ ਕਰਦਿਆਂ ਵਿਸ਼ਵ ਸ਼ਾਂਤੀ ਲਈ ਈਸ਼ਵਰ ਪਾਸ ਪ੍ਰਾਰਥਨਾ ਕਰਦੇ ਹੋਏ ਸ਼ਰਧਾਂਜਲੀ ਦਿੱਤੀ। ਇਸ ਪ੍ਰਾਰਥਨਾ ਮੌਕੇ ਕਲੱਬ ਦੇ ਅਫ਼ਸਰਾਂ ਲਾਇਨ ਸੋਮਿਨਾਂ ਸੰਧੂ ਇਮੀਡੇਟ ਕਲੱਬ ਪ੍ਰਧਾਨ, ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ, ਲਾਇਨ ਬਬਿਤਾ ਸੰਧੂ, ਲਾਇਨ ਦਿਨਕਰ ਸੰਧੂ, ਲਾਇਨ ਜਸਪ੍ਰੀਤ ਕੌਰ ਸੰਧੂ ਤੋਂ ਇਲਾਵਾ ਨੰਨ੍ਹੇ ਬੱਚਿਆਂ ਵਿੱਚ ਗੁਰਛਾਇਆ ਸੋਖਲ, ਗੁਰਅੰਸ਼ ਸੋਖਲ, ਸ਼ਿਵਵੰਸ਼ ਸੰਧੂ ਦੇ ਨਾਲ ਕੁਮਾਰੀ ਸਿਮਰਨ ਸਿੱਧੂ ਨੇ ਵੀ ਹਿੱਸਾ ਲਿਆ। ਇਸ ਬੈਠਕ ਵਿੱਚ ਜ਼ਿਲ੍ਹਾ ਗਵਰਨਰ ਲਾਇਨ ਰਛਪਾਲ ਸਿੰਘ ਬੱਚਾਜੀਵੀ ਦੇ ਲੀਡਰਸ਼ਿਪ ਹੋਏ ਸਰਬ ਪੱਖੀ ਵਿਕਾਸ ਕਾਰਜਾਂ ਭਰਭੂਰ ਸ਼ਲਾਘਾ ਕੀਤੀ ਗਈ ਅਤੇ ਉਹਨਾਂ ਦੇ ਐੱਮ.ਡੀ-321 ਦੇ ਵਾਈਸ ਮਲਟੀਪਲ ਕੌਂਸਲ ਦੇ ਚੇਅਰਮੈਨ ਚੁਣੇ ਜਾਣ 'ਤੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਕਲੱਬ ਦੇ ਅਫ਼ਸਰਾਂ ਨੇ ਸਾਲ 2025-26 ਲਈ ਡਿਸਟ੍ਰਿਕਟ 321-ਡੀ ਦੀ ਚੁਣੀ ਗਈ ਨਵੀਂ ਟੀਮ ਐੱਮ.ਜੈ.ਐੱਫ ਲਾਇਨ ਵੀ.ਐੱਮ ਗੋਇਲ ਜ਼ਿਲ੍ਹਾ ਗਵਰਨਰ, ਐੱਮ.ਜੈ.ਐੱਫ ਲਾਇਨ ਜੀ.ਐੱਸ ਭਾਟੀਆ ਵਾਈਸ ਡਿਸਟ ਗਵਰਨਰ-1, ਪੀ.ਐੱਮ.ਜੇ.ਐੱਫ ਲਾਇਨ ਰਾਜੀਵ ਖੋਸਲਾ ਵਾਈਸ ਡਿਸਟ ਗਵਰਨਰ-2 ਲਈ ਸ਼ੁਭਕਾਮਨਾਵਾਂ ਮੰਗੀਆਂ ਤਾਂਕਿ ਡਿਸਟ੍ਰਿਕਟ 321-ਡੀ ਨਵੀਆਂ ਬੁਲੰਦੀਆਂ ਹਾਸਿਲ ਕਰੇ। ਕਲੱਬ ਦੇ ਮੈਂਬਰਾਂ ਨੇ ਫੈਸਲਾ ਲਿਆ ਕਿ ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਨਵੀਂ ਟੀਮ ਦਾ ਗਠਨ 5 ਜੁਲਾਈ ਨੂੰ ਰਵਾਨਾ ਹੋਣ ਵਾਲੀ ਸ਼੍ਰੀ ਅਮਰਨਾਥ ਯਾਤਰਾ ਦੇ ਸੰਪੂਰਣ ਹੋਣ ਤੋਂ ਬਾਅਦ ਲਿਆ ਜਾਵੇਗਾ ਕਿਉਂਕਿ ਕਲੱਬ ਦੇ ਸਾਰੇ ਮੈਂਬਰ ਪਾਵਣ ਯਾਤਰਾ ਲਈ ਜਾ ਰਹੇ ਹਨ। ਇਸ ਪ੍ਰਤੀ ਸੂਚਨਾ ਜ਼ਿਲ੍ਹਾ ਅਫ਼ਸਰਾਂ ਨੂੰ ਦੇ ਦਿੱਤੀ ਗਈ ਹੈ। ਫੋਟੋ : ਵਿਸ਼ਵ ਸ਼ਾਂਤੀ ਅਤੇ ਅਣਸੁਖਾਵੀਆਂ ਘਟਨਾਵਾਂ ਨਾ ਵਾਪਰਨ ਦੀ ਪ੍ਰਾਰਥਨਾ ਕਰਦੀ ਹੋਈ ਕਲੱਬ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਆਪਣੇ ਕਲੱਬ ਦੇ ਅਫ਼ਸਰਾਂ ਨਾਲ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸ. ਤੀਰਥ ਸਿੰਘ ਮਾਹਲਾ ਨੂੰ ਕੋਰ ਕਮੇਟੀ ਮੈਂਬਰ ਨਿਯੁਕਤ ਕਰਨਾ ਪਾਰਟੀ ਦਾ ਸ਼ਾਨਦਾਰ ਫੈਸਲਾ: ਗੁਰਪ੍ਰੀਤ ਸਿੰਘ ਗੋਪੀ ਹਰੀਏਵਾਲਾ

## ਮਾਹਲਾ ਸਾਬ੍ਹ ਦੀ ਨਿਯੁਕਤੀ ਦੇਵੇਗੀ ਵਰਕਰਾਂ ਨੂੰ ਵੱਡਾ ਉਤਸ਼ਾਹ

**ਭਲੂਰ/ਬੇਅੰਤ ਗਿੱਲ**

ਜ਼ਿਲ੍ਹਾ ਮੋਗਾ ਦੇ ਸੀਨੀਅਰ ਅਕਾਲੀ ਆਗੂ ਸਰਦਾਰ ਤੀਰਥ ਸਿੰਘ ਮਾਹਲਾ ਨੂੰ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਲੀਡਰਸ਼ਿਪ ਵੱਲੋਂ ਕੋਰ ਕਮੇਟੀ ਦਾ ਮੈਂਬਰ ਨਿਯੁਕਤ ਕਰਨਾ ਬਹੁਤ ਸ਼ਲਾਘਾਯੋਗ ਤੇ ਸ਼ਾਨਦਾਰ ਫੈਸਲਾ ਹੈ। ਇਹ ਫੈਸਲਾ ਵਰਕਰਾਂ ਅੰਦਰ ਵੱਧ ਤੋਂ ਵੱਧ ਕੰਮ ਕਰਨ ਦਾ ਬਲ ਪੈਦਾ ਕਰੇਗਾ ਅਤੇ ਇਕ ਨਵਾਂ ਉਤਸ਼ਾਹ ਵੀ ਪੈਦਾ ਹੋਵੇਗਾ। ਇਹ ਸ਼ਬਦ ਯੂਥ ਅਕਾਲੀ ਦਲ ਬਾਦਲ ਦੇ ਪਿੰਡ ਹਰੀਏਵਾਲਾ ਤੋਂ ਸਰਗਰਮ ਨੌਜਵਾਨ ਆਗੂ ਗੁਰਪ੍ਰੀਤ ਸਿੰਘ ਗੋਪੀ ਹਰੀਏਵਾਲਾ ਨੇ ਇਹਨਾਂ ਸਤਰਾਂ ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਹੇ। ਦੱਸ ਦੇਈਏ ਕਿ ਪਿਛਲੇ ਦਿਨੀਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਮੂਹ ਲੀਡਰਸ਼ਿਪ ਦੀ ਅਗਵਾਈ ਹੇਠ ਇਕ 31 ਮੈਂਬਰੀ ਕੋਰ ਕਮੇਟੀ ਦਾ ਗਠਨ ਕੀਤਾ ਗਿਆ ਹੈ, ਇਸ ਵਿਚ ਸਰਦਾਰ ਤੀਰਥ ਸਿੰਘ ਮਾਹਲਾ ਨੂੰ ਵੀ





ਸ਼ਾਮਿਲ ਕੀਤਾ ਗਿਆ ਹੈ। ਨੌਜਵਾਨ ਗੁਰਪ੍ਰੀਤ ਸਿੰਘ ਗੋਪੀ ਹਰੀਏਵਾਲਾ ਨੇ ਆਪਣੀ ਗੱਲ ਨੂੰ ਜਾਰੀ ਰੱਖਦਿਆਂ ਕਿਹਾ ਕਿ ਹਲਕਾ ਬਾਘਾਪੁਰਾਣਾ ਦੇ ਲੋਕਾਂ ਨੂੰ ਪਤਾ ਹੈ ਕਿ ਸਰਦਾਰ ਤੀਰਥ ਸਿੰਘ ਮਾਹਲਾ ਇਮਾਨਦਾਰੀ ਨਾਲ ਡਟ ਕੇ ਕੰਮ ਕਰਨ ਵਾਲਾ ਧਾਕੜ ਲੀਡਰ ਹੈ। ਉਨ੍ਹਾਂ ਦੀ ਲੀਡਰੀ ਦੇ ਚੱਲਦਿਆਂ ਕਿਸੇ ਵੀ ਹੈਂਕੜਬਾਜ ਦੀ ਕਿਸਾਨਾਂ, ਮਜ਼ਦੂਰਾਂ ਤੇ ਹੋਰ ਗ਼ਰੀਬ ਲੋਕਾਂ 'ਤੇ ਸੀਨਾਜ਼ੋਰੀ ਚਲਾਉਣ ਦੀ ਹਿੰਮਤ ਨਹੀਂ ਸੀ ਪੈਂਦੀ। ਉਨ੍ਹਾਂ ਦੇ ਕੀਤੇ ਕੰਮਾਂ ਸਦਕਾ ਅੱਜ ਵੀ ਸੱਥਾਂ ਵਿਚ ਉਨ੍ਹਾਂ ਦੀ ਸਲਾਹੁਤਾ ਦੇ ਸੋਹਲੇ ਗਾਏ ਜਾਂਦੇ ਹਨ। ਨੌਜਵਾਨ ਆਗੂ ਗੁਰਪ੍ਰੀਤ ਸਿੰਘ ਗੋਪੀ ਹਰੀਏਵਾਲਾ ਨੇ ਆਖਿਆ ਕਿ ਸਰਦਾਰ ਤੀਰਥ ਸਿੰਘ ਮਾਹਲਾ ਹਲਕਾ ਬਾਘਾਪੁਰਾਣਾ ਦੇ ਲੋਕਾਂ ਦਾ ਹਰਮਨ ਪਿਆਰਾ ਲੀਡਰ ਹੈ। ਲੀਡਰਸ਼ਿਪ ਨੇ ਮਾਹਲਾ ਸਾਬ੍ਹ ਨੂੰ ਕੋਰ ਕਮੇਟੀ ਮੈਂਬਰ ਨਿਯੁਕਤ ਕਰਕੇ ਹਲਕੇ ਲਈ ਇਕ ਵਫ਼ਾਦਾਰ ਤੇ ਹਿੰਮਤੀ ਸਿਪਾਹੀ ਖੜ੍ਹਾ ਕੀਤਾ ਹੈ। ਇਹ ਸਿਪਾਹੀ ਲੋਕਾਂ ਦੀ ਰਾਖੀ ਲਈ ਜਿੱਥੇ ਪਿਛਲੇ ਲੰਬੇ ਸਮੇਂ ਤੋਂ ਬੜੀ ਦ੍ਰਿੜ੍ਹਤਾ ਤੇ ਇਮਾਨਦਾਰੀ ਨਾਲ ਆਪਣੀ ਡਿਊਟੀ 'ਤੇ ਡਟਿਆ ਖੜ੍ਹਾ ਹੈ, ਉਥੇ ਹੁਣ ਅੱਗੇ ਤੋਂ ਹੋਰ ਵੀ ਜ਼ਿੰਮੇਵਾਰੀ ਨਾਲ ਆਪਣੇ ਲੋਕਾਂ ਲਈ ਡਟਿਆ ਰਹੇਗਾ। ਗੁਰਪ੍ਰੀਤ ਸਿੰਘ ਗੋਪੀ ਹਰੀਏਵਾਲਾ ਨੇ ਆਪਣੀ ਗੱਲ ਨੂੰ ਵਿਸ਼ਰਾਮ ਦਿੰਦਿਆਂ ਕਿਹਾ ਕਿ ਲੀਡਰਸ਼ਿਪ ਵੱਲੋਂ ਸਰਦਾਰ ਤੀਰਥ ਸਿੰਘ ਮਾਹਲਾ ਨੂੰ ਦਿੱਤਾ ਗਿਆ ਆਹੁਦਾ ਪਾਰਟੀ ਦੇ ਹਰ ਵਰਕਰ ਦੇ ਸਿਰ ਸਜਿਆ ਜ਼ਿੰਮੇਵਾਰੀ ਦਾ ਤਾਜ ਹੈ, ਇਹ ਸਭ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦਿਆਂ ਕੰਮ ਕਰਨ ਲਈ ਪ੍ਰੇਰਿਤ ਕਰੇਗਾ।

# ਸੰਤ ਕਬੀਰ ਜੀ ਦੀ ਯਾਦ ਵਿੱਚ ਥਲਾ ਵਿਖੇ ਸਮਾਗਮ ਆਯੋਜਿਤ

**ਫਿਲੌਰ/ਅੱਪਰਾ (ਦੀਪਾ)–** ਕਰੀਬੀ ਪਿੰਡ ਥਲਾ ਵਿਖੇ ਸਥਿਤ ਗੁਰਦੁਆਰਾ ਝੰਡਾ ਸਾਹਿਬ ਬਾਬਾ ਹਰਦਿਆਲ ਸਿੰਘ ਜੀ ਥਲਾ ਵਿਖੇ ਸੰਤ ਕਬੀਰ ਜੀ ਦੀ ਯਾਦ ਵਿੱਚ ਧਾਰਮਿਕ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਸ੍ਰੀ ਆਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਪ੍ਰਸਿੱਧ ਕੀਰਤਨੀ ਜੱਥਿਆਂ ਨੇ ਕੀਰਤਨ ਕੀਤਾ। ਇਸ ਮੌਕੇ ਭਾਈ ਦਲਵਿੰਦਰ ਸਿੰਘ ਅੱਪਰਾ ਨੇ ਸੰਤ ਕਬੀਰ ਸਾਹਿਬ ਜੀ ਦੇ ਜੀਵਨ, ਸੋਚ ਤੇ ਫਲਸਫੇ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਜਿੰਦਰ ਸਿੰਘ ਸੰਧੂ ਵੀ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਇਸ ਮੌਕੇ ਬੋਲਦਿਆਂ ਰਜਿੰਦਰ ਸਿੰਘ ਸੰਧੂ ਨੇ ਕਿਹਾ ਕਿ ਸਾਨੂੰ ਸੰਤ ਕਬੀਰ ਸਾਹਿਬ ਜੀ ਦੀਆਂ ਦਿੱਤੀਆਂ ਸਿੱਖਿਆਵਾਂ ਤੇ ਚੱਲਣ ਦੀ ਲੋੜ ਹੈ ਤੇ ਉਨ੍ਹਾਂ ਦੇ ਜੀਵਨ ਤੋਂ ਸੇਧ




ਲੈਣੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਨਾਲ ਸ ਅਮਰੀਕ ਸਿੰਘ ਥਲਾ, ਨੰਬਰਦਾਰ ਪ੍ਰੇਮ ਲਾਲ ਢੱਕ ਮਜਾਰਾ ਸਾਬਕਾ ਸਰਪੰਚ, ਗੁਰਦਿਆਲ ਸਿੰਘ ਤੇਂਹਿਗ ਵੀ ਵਿਸ਼ੇਸ਼ ਤੌਰ ਤੇ ਹਾਜਰ ਸਨ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਸਮਾਗਮ ਦੌਰਾਨ ਅਤੁੱਟ ਲੰਗਰ ਵੀ ਵਰਤਾਏ ਗਏ।

# ਕੱਟੜ ਫਿਰਕੂ ਤੇ ਹਿੰਦੂਤਵੀ ਗਿਰੋਹ ਵਲੋਂ ਕੀਤੇ ਜਾ ਰਹੇ ਦਿਲਜੀਤ ਦੋਸਾਂਝ ਦੇ ਵਿਰੋਧ ਦੀ ਲਿਬਰੇਸ਼ਨ ਵਲੋਂ ਸਖਤ ਨਿੰਦਾ

## ਸੂਝਵਾਨ ਦੇਸ਼ਵਾਸੀ ਇਸ ਮੁੱਦੇ 'ਤੇ ਹੋ ਰਹੇ ਜਨੂੰਨੀ ਪ੍ਰਚਾਰ ਖਿਲਾਫ ਦਿਲਜੀਤ ਦੇ ਪੱਖ ਵਿੱਚ ਖੜੇ ਹੋਣ

**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਸੀਪੀਆਈ (ਐਮ ਐਲ) ਲਿਬਰੇਸ਼ਨ ਪੰਜਾਬ ਨੇ ਉੱਘੇ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੁਸਾਂਝ ਦੇ ਪੱਖ ਵਿੱਚ ਖੜਦਿਆਂ ਉਨ੍ਹਾਂ ਸਾਰੇ ਅਖੌਤੀ ਰਾਸ਼ਟਰਵਾਦੀਆਂ ਤੇ ਹਿੰਦੂਤਵੀ ਅਨਸਰਾਂ ਦੀ ਸਖ਼ਤ ਨਿੰਦਾ ਕੀਤੀ ਹੈ, ਜੋ ਅਪਣੇ ਤੰਗਨਜ਼ਰੀ ਤੇ ਸੌੜੀ ਸੋਚ ਕਾਰਨ ਦਿਲਜੀਤ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਉਸ ਦਾ ਬਾਈਕਾਟ ਕਰਨ ਦੇ ਹੋਕਰੇ ਮਾਰ ਰਹੇ ਹਨ।

ਲਿਬਰੇਸ਼ਨ ਦੇ ਸੀਨੀਅਰ ਆਗੂਆਂ ਕਾਮਰੇਡ ਗੁਰਮੀਤ ਸਿੰਘ ਬਖਤਪੁਰ, ਰਾਜਵਿੰਦਰ ਸਿੰਘ ਰਾਣਾ, ਸੁਖਦਰਸ਼ਨ ਸਿੰਘ ਨੱਤ ਅਤੇ ਉੱਘੇ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਵਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਦਾ ਹੀ ਮੌਕਾਪ੍ਰਸਤ ਤੇ ਸੁਆਰਥੀ ਹੁਕਮਰਾਨ ਸਾਜਿਸ਼ਾਂ, ਹਮਲਿਆਂ ਤੇ ਜੰਗਾਂ ਰਾਹੀਂ ਗੁਆਂਢੀ ਦੇਸ਼ਾਂ ਤੇ ਕੌਮਾਂ ਦਰਮਿਆਨ ਦੁਸ਼ਮਣੀ ਤੇ ਨਫ਼ਰਤ ਦੇ ਬੀਜ ਬੀਜਦੇ ਹਨ, ਪਰ ਸਾਹਿਤ ਕਲਾ ਤੇ ਸੰਗੀਤ ਰਾਹੀਂ ਲੇਖਕ ਕਲਾਕਾਰ ਤੇ ਸੰਗੀਤਕਾਰ ਦੁਨੀਆਂ ਭਰ ਵਿੱਚ ਇਨਸਾਨੀ ਪਿਆਰ ਤੇ ਸਾਂਝ ਨੂੰ ਹੁਲਾਰਾ ਦਿੰਦੇ ਹਨ। ਭਾਰਤ ਤੇ ਪਾਕਿਸਤਾਨ ਸਦੀਆਂ ਤੋਂ ਇਕੋ ਦੇਸ਼ ਰਹੇ ਹੋਣ ਕਾਰਨ ਇੰਨਾਂ ਵਿੱਚ ਸਭਿਆਚਾਰ, ਕਲਾ ਤੇ ਸੰਗੀਤ ਦੀ ਬੜੀ ਡੂੰਘੀ ਸਾਂਝ ਹੈ। ਇੰਨਾਂ ਵਿਚ ਕਈ ਵਾਰ ਜੰਗਾਂ ਤੇ ਸਮਝੌਤੇ ਹੋਏ ਹਨ, ਪਰ ਸਧਾਰਨ ਜਨਤਾ ਵਿੱਚ ਪਿਆਰ ਤੇ ਸਾਂਝ ਵਿੱਚ ਕੋਈ ਕਮੀ ਨਹੀਂ ਆਈ। ਨਾ ਦਿਲਜੀਤ ਨੇ ਪਹਿਲਗਾਮ ਕਾਂਡ ਤੇ ਜੰਗੀ ਝੜਪ ਤੋਂ ਪਹਿਲਾਂ ਲਹਿੰਦੇ ਪੰਜਾਬ ਦੇ ਕਲਾਕਾਰਾਂ ਦੀ ਸ਼ਮੂਲੀਅਤ ਵਾਲੀ ਫਿਲਮ ਬਣਾ ਕੇ ਕੋਈ ਗੁਨਾਹ ਕੀਤਾ ਹੈ ਅਤੇ ਨਾ ਭਵਿੱਖ ਵਿੱਚ ਅਜਿਹੇ ਸਾਂਝੇ ਕਲਾਤਮਿਕ ਉੱਦਮਾਂ ਉਤੇ ਕੋਈ ਰੋਕ ਲੱਗ ਸਕਦੀ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿੱਚ ਇਕੋ ਪੰਜਾਬੀ ਕੌਮ ਵਸਦੀ ਹੈ, ਇਸ ਲਈ ਦੋਵੇਂ ਦੇਸ਼ਾਂ ਵਿਚਾਲੀਆਂ ਫਿਰਕੂ ਕੱਟੜਪੰਥੀ ਤੇ ਭੜਕਾਊ ਦਹਿਸ਼ਤਪਸੰਦ ਤਾਕਤਾਂ ਚਾਹੇ ਲੱਖ ਸਾਜਿਸ਼ਾਂ ਕਰਨ, ਪਰ ਪੰਜਾਬੀਆਂ ਦੇ ਆਪਸੀ ਸਾਂਝ ਤੇ ਪਿਆਰ ਕੋਈ ਖ਼ਤਮ ਨਹੀਂ ਸਕਦਾ। ਬੀਤੇ ਵਿੱਚ ਵੀ ਜੰਗਾਂ ਦੇ ਬਾਵਜੂਦ ਭਾਰਤ ਦੇ ਤਤਕਾਲੀ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ , ਗ੍ਰਹਿ ਮੰਤਰੀ ਅਡਵਾਨੀ ਜਾਂ ਵਰਤਮਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਕਿ-ਸਤਾਨ ਜਾਂਦੇ ਤੇ ਉਥੋਂ ਦੀ ਸਰਕਾਰ ਦੀ ਮਹਿਮਾਨ ਨਿਵਾਜ਼ੀ ਦਾ ਆਨੰਦ ਮਾਣਦੇ ਰਹੇ ਹਨ, ਪਰ ਸੰਘ- ਬੀਜੇਪੀ ਨੂੰ ਉਨ੍ਹਾਂ ਉਤੇ ਕੋਈ ਇਤਰਾਜ਼ ਨਹੀਂ ਹੁੰਦਾ , ਪਰ ਜੇਕਰ ਪੰਜਾਬ ਦੇ ਬੁੱਧੀਜੀਵੀ ਲੇਖਕ ਤੇ ਕਲਾਕਾਰ ਸਾਂਝੇ ਤੌਰ 'ਤੇ ਕੋਈ ਕਾਨਫਰੰਸ, ਫਿਲਮ ਬਣਾਉਣ ਜਾਂ ਸਿੱਖ ਉਧਰ ਰਹਿ ਗਏ ਅਪਣੇ ਗੁਰਧਾਮਾਂ ਦੇ ਦਰਸ਼ਨਾਂ ਲਈ ਵੀਜ਼ਾ ਮੁਕਤ ਜਾਣ ਆਉਣ ਦੀ ਖੁੱਲ ਮੰਗਣ ; ਤਾਂ ਉਕਤ ਤਾਕਤਾਂ ਦੀ ਨਜ਼ਰ ਵਿੱਚ ਇਹ ਦੇਸ਼ ਧ੍ਰੋਹ ਹੈ ! ਇਵੇਂ ਹੀ ਦਿਲਜੀਤ ਜੇਕਰ ਦਿੱਲੀ ਕਿਸਾਨ ਮੋਰਚੇ ਦੀ ਹਿਮਾਇਤ ਕਰੇ ਤਾਂ ਹਿੰਦੂਤਵੀ ਅਨਸਰਾਂ ਦੀ ਨਜ਼ਰ ਵਿਚ ਉਹ ਗ਼ਦਾਰ ਹੈ, ਪਰ ਜੇ ਉਹ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕਰੇ ਤਾਂ ਦੇਸ਼ਭਗਤ ਹੈ। ਅਸੀਂ ਅਜਿਹੀ ਮਨਮਾਨੀ ਫਤਵੇਬਾਜ਼ੀ ਨੂੰ ਸਖ਼ਤੀ ਨਾਲ ਰੱਦ ਤੇ ਅਪ੍ਰਵਾਨ ਕਰਦੇ ਹਾਂ।

ਦਿਲਜੀਤ ਨੇ ਆਪਣੀ ਕਲਾ ਰਾਹੀਂ ਪੰਜਾਬੀ ਬੋਲੀ ਅਤੇ ਸਿੱਖ ਪਛਾਣ ਨੂੰ ਪੂਰੇ ਸੰਸਾਰ ਵਿੱਚ ਉਭਾਰਿਆ ਹੈ, ਜਿਸ ਕਰਕੇ ਦੁਨੀਆ ਭਰ ਵਿੱਚ ਵਸਦੇ ਪੰਜਾਬੀ ਤੇ ਸਿੱਖ ਉਸ ਨੂੰ ਅਪਣਾ ਬ੍ਰਾਂਡ ਅੰਬੈਸਡਰ ਮੰਨਦੇ ਹਨ ਤੇ ਉਸ ਉੱਤੇ ਮਾਣ ਕਰਦੇ ਹਨ, ਪਰ ਹਿੰਦੂਤਵੀ ਤਾਕਤਾਂ ਨੂੰ ਖੁਸ਼ ਕਰਨ ਲਈ ਕੁਝ ਮੁੱਠੀ ਭਰ ਪੰਜਾਬੀ ਕਲਾਕਾਰ ਤੇ ਨਿਰਦੇਸ਼ਕ ਵੀ ਦਿਲਜੀਤ ਦੀ ਨਿੰਦਾ ਕਰ ਰਹੇ ਹਨ, ਸਾਡਾ ਕਹਿਣਾ ਹੈ ਕਿ ਉਹ ਦਿੱਲੀ ਹਕੂਮਤ ਦੀ ਚਮਚਾਗਿਰੀ ਕਰਕੇ ਪ੍ਰਵਾਨ ਚੜ੍ਹਨ ਵਾਲ਼ੀ ਅਪਣੀ ਇਸ ਪਹੁੰਚ ਉਤੇ ਲਾਜ਼ਮੀ ਨਜ਼ਰਸਾਨੀ ਕਰਨ। ਲਿਬਰੇਸ਼ਨ ਨੇ ਇਸ ਮੁੱਦੇ 'ਤੇ ਸੂਝਵਾਨ ਦੇਸ਼ਵਾਸੀਆਂ – ਖਾਸ ਕਰ ਪੰਜਾਬੀਆਂ ਨੂੰ ਦਿਲਜੀਤ ਦੇ ਪੱਖ ਵਿੱਚ ਖੜ੍ਹਨ ਦੀ ਅਪੀਲ ਕੀਤੀ ਹੈ।

# ਖਰੜ ਵਿੱਚ ਅੰਮ੍ਰਿਤਧਾਰੀ ਬੀਬੀ ਨਾਲ ਬਦਸਲੂਕੀ ਕਰਨਾ ਵਾਲਾ ਮੁਲਾਜ਼ਮ ਲਾਈਨ ਹਾਜ਼ਰ

## ਨਹਿੰਗ ਸਿੰਘਾਂ ਨੇ ਐਸ ਐਸ ਪੀ ਕੋਲ ਸ਼ਿਕਾਇਤ ਕੀਤੀ

**ਬਲਬੀਰ ਸਿੰਘ ਬੱਬੀ**

ਬੀਤੇ ਕੱਲ ਖਰੜ ਦੇ ਵਿੱਚ ਇੱਕ ਬਹੁਤ ਹੀ ਗਲਤ ਘਟਨਾ ਵਾਪਰੀ ਇਸ ਸਾਰੇ ਘਟਨਾਕਰਮ ਦੀ ਵੀਡੀਓ ਵੀ ਬਣੀ ਹੈ ਤੇ ਸੋਸ਼ਲ ਮੀਡੀਆ ਉੱਪਰ ਵੀ ਬਹੁਤ ਜਿਆਦਾ ਫੈਲੀ ਹੋਈ ਹੈ। ਆਪ ਸਭ ਨੇ ਦੇਖਿਆ ਹੀ ਹੋਵੇਗਾ ਕਿ ਇਸ ਵੀਡੀਓ ਦੇ ਵਿੱਚ ਇੱਕ ਨੌਜਵਾਨ ਪੁਲਿਸ ਮੁਲਾਜ਼ਮ ਇੱਕ ਬੀਬੀ ਅੰਮ੍ਰਿਤਧਾਰੀ ਦੇ ਬਹੁਤ ਹੀ ਜ਼ੋਰ ਨਾਲ ਥੱਪੜ ਮਾਰਦਾ ਹੋਇਆ ਉਸ ਨੂੰ ਸੜਕ ਉੱਤੇ ਸੁੱਟ ਰਿਹਾ ਇਹ ਮੁਲਾਜ਼ਮ ਚਰਨ ਸਿੰਘ ਹੈ ਜਿਸ ਨੇ ਬਹੁਤ ਆਪਣਾ ਆਪ ਖੋਦਿਆਂ ਹੋਇਆ ਉਸ ਬੀਬੀ ਦੇ ਹਮਲਾ ਕਰ ਦਿੱਤਾ ਵੀਡੀਓ ਵਾਇਰਲ ਹੋ ਗਈ। ਇਹ ਪੰਜਾਬ ਸਰਕਾਰ ਤੇ ਉੱਚ ਪੁਲੀਸ ਅਧਿਕਾਰੀਆ ਤੱਕ ਪੁੱਜ ਗਈ ਹੈ।

ਅੱਜ ਨਹਿੰਗ ਸਿੰਘ ਦਲ ਪੰਥ ਨਾਲ ਸੰਬੰਧਿਤ ਜਥੇਬੰਦੀਆਂ ਐਸਐਸਪੀ ਮੋਹਾਲੀ ਦੇ ਕੋਲ ਪੁੱਜਦੀਆਂ ਉਹਨਾਂ ਨੇ ਸਾਰੇ ਘਟਨਾ ਕਰਮ ਦੀ ਸ਼ਿਕਾਇਤ ਐਸਐਸਪੀ ਸਾਹਿਬ ਨੂੰ ਕੀਤੀ ਇਸ ਸੰਬੰਧੀ ਗੱਲਬਾਤ ਕਰਦਿਆਂ ਨਹਿੰਗ ਜਥੇਬੰਦੀਆਂ ਦੇ ਮੁਖੀ ਬਾਬਾ ਰਾਜਾ ਰਾਜ ਸਿੰਘ ਨੇ ਕਿਹਾ ਕਿ ਜੇਕਰ ਕੋਈ ਵੀ ਕਿਸੇ ਕਿਸਮ ਦੀ ਕਾਰਵਾਈ ਸੀ ਉਹ ਸਿੰਘ ਉੱਪਰ ਕੀਤੀ ਜਾਂਦੀ ਉਸਨੂੰ



ਗਿਰਫਤਾਰ ਕੀਤਾ ਜਾਂਦਾ ਅਦਾਲਤ ਵਿੱਚ ਪੇਸ਼ ਕੀਤਾ ਜਾਂਦਾ ਪਰ ਇਸ ਬੀਬੀ ਸਿੰਘਣੀ ਦਾ ਕੀ ਕਸੂਰ ਹੈ ਸ਼ਰੇਆਮ ਭੂਤਰੇ ਹੋਏ ਪੁਲਿਸ ਵਾਲੇ ਨੇ ਇਸ ਦੇ ਉੱਪਰ ਹੱਥ ਹੀਂ ਨਹੀਂ ਚੱਕਿਆ ਸਗੋਂ ਬੁਰੇ ਤਰੀਕੇ ਨਾਲ ਉਸਦੀ ਕੁੱਟਮਾਰ ਕੀਤੀ। ਕਕਾਰਾਂ ਤੇ ਦਸਤਾਰ ਦੀ ਬੇਅਦਬੀ ਕੀਤੀ। ਇਸ ਸਬੰਧੀ ਮਾਮਲਾ ਐਸਐਸਪੀ ਸਾਹਿਬ ਦੇ ਧਿਆਨ ਵਿੱਚ ਲਿਆ ਦਿੱਤਾ ਹੈ। ਬਾਬਾ ਜੀ ਦਾ ਕਹਿਣਾ ਸੀ ਕਿ ਇਸ ਪੁਲਿਸ ਮੁਲਾਜ਼ਮ ਨੂੰ ਲਾਇਨ ਹਾਜ਼ਰ ਕਰ ਦਿੱਤਾ ਹੈ



ਪਰ ਅਸੀਂ ਅਗਲੇਰੀ ਕਾਰਵਾਈ ਦੀ ਮੰਗ ਕਰਦੇ ਹਾਂ ਬਾਬਾ ਰਾਜਾ ਰਾਜ ਸਿੰਘ ਦਾ ਕਹਿਣਾ ਸੀ ਕਿ ਜੇਕਰ ਪੁਲਿਸ ਅਨੁਸਾਰ ਪਿੱਛੇ ਇਹ ਕੋਈ ਵਾਰਦਾਤ ਕਰਕੇ ਆਏ ਸੀ ਤਾਂ ਉਹਨਾਂ ਨੂੰ ਗਿਰਫਤਾਰ ਕਰ ਲਿਆ ਜਾਂਦਾ ਪਰ ਬੀਬੀ ਦਾ ਕੀ ਕਸੂਰ ਸੀ।

# ਨਯਨ ਛਾਬੜਾ ਦੀ ਤਾਜਪੋਸ਼ੀ ਤੇ ਕਾਕੜ ਕਲਾਂ ਟੀਮ ਸਮੇਤ ਪੁੱਜੇ



**ਚੰਡੀਗੜ੍ਹ (ਹਰਜਿੰਦਰ ਸਿੰਘ ਚੰਦੀ)–** ਡਾਇਰੈਕਟਰ ਇੰਫੋਟੈਕ ਪੰਜਾਬ , ਵਾਈਸ ਪ੍ਰਧਾਨ ਮਹਿਲਾ ਵਿੰਗ ਪੰਜਾਬ ਬੀਬੀ ਰਣਜੀਤ ਕੌਰ (ਕਾਕੜ ਕਲਾਂ) ਅੱਜ ਚੰਡੀਗੜ੍ਹ ਵਿਖੇ ਫੋਰੈਸਟ ਭਵਨ ਵਿਚ ਯੂਥ ਡਿਵੈਲਪਮੈਂਟ ਬੋਰਡ ਪੰਜਾਬ ਦੇ ਵਾਈਸ ਚੇਅਰਮੈਨ ਨਯਨ ਛਾਬੜਾ ਦੀ ਤਾਜਪੋਸ਼ੀ ਸਮਾਗਮ ਵਿੱਚ ਆਪਣੀ ਸਮੁੱਚੀ ਟੀਮ ਨਾਲ ਸ਼ਾਮਲ ਹੋਏ, ਉਸ ਤੋ ਬਾਅਦ ਬੀਬੀ ਕਾਕੜ ਕਲਾਂ ਵੱਲੋਂ ਮੁਹਾਲੀ ਕਲੱਬ ਵਿੱਚ ਛਾਬੜਾ ਪਰਿਵਾਰ ਅਤੇ ਆਏ ਲੀਡਰ ਸਹਿਬਾਨ ਨਾਲ ਖਾਣਾ ਖਾਧਾ ਅਤੇ ਛਾਬੜਾ ਪਰਿਵਾਰ ਨੂੰ ਤਹਿਦਿਲੋਂ ਮੁਬ–ਾਰਕਬਾਦ ਦਿੱਤੀ ।ਇਸ ਮੌਕੇ ਉਨ੍ਹਾਂ ਨਾਲ ਹਰਜਿੰਦਰ ਕੌਰ, ਮਨਦੀਪ ਸਿੰਘ ਝੀਤਾ ਪੀ ਏ,ਲਛਮਣ ਸਿੰਘ ਪੂਨੀਆ, ਪਾਲਾ ਸੱਦੀ, ਜਸਵੀਰ ਸਿੰਘ ਹਾਜ਼ਰ ਸਨ।

# 55 ਸਾਲ ਤੋਂ ਕਾਂਗਰਸ ਪਾਰਟੀ ਦੀ ਸੇਵਾ ਕਰ ਰਹੀ ਨੇਤਾ ਆਸ਼ਾ ਕੈਲੇ ਦੇ 88ਵੇਂ ਜਨਮ-ਦਿਨ 'ਤੇ ਦਾਖਾ, ਆਸ਼ੂ, ਬਾਵਾ, ਜੋਸ਼ੀ, ਮਲਹੋਤਰਾ ਉਹਨਾਂ ਦੇ ਗ੍ਰਹਿ ਪੁੱਜੇ

## ਕਾਂਗਰਸ ਦੇ ਨੇਤਾ ਸਵ: ਬੇਅੰਤ ਸਿੰਘ, ਮਿੱਤਲ, ਪਾਂਡੇ, ਕਪੂਰ, ਗੁਪਤਾ, ਪ੍ਰਾਸ਼ਰ ਸਮੇਂ ਆਸ਼ਾ ਕੈਲੇ ਨੇ ਮਹਿਲਾ ਨੇਤਾ ਦੀ ਕਮਾਨ ਸੰਭਾਲ ਕੇ ਕੰਮ ਕੀਤਾ– ਬਾਵਾ, ਜੋਸ਼ੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਆਸ਼ਾ ਕੈਲੇ ਦੇ 88ਵੇਂ ਜਨਮ-ਦਿਨ 'ਤੇ ਉਹਨਾਂ ਦੇ ਗ੍ਰਹਿ ਨੇੜੇ ਘੁਮਾਰ ਮੰਡੀ ਵਿਖੇ ਮਲਕੀਤ ਸਿੰਘ ਦਾਖਾ, ਭਾਰਤ ਭੂਸ਼ਣ ਆਸ਼ੂ, ਕ੍ਰਿਸ਼ਨ ਕੁਮਾਰ ਬਾਵਾ, ਰਮੇਸ਼ ਜੋਸ਼ੀ ਅਤੇ ਮਹਿਲਾ ਨੇਤਾ ਊਸ਼ਾ ਮਲਹੋਤਰਾ ਵਧਾਈ ਦੇਣ ਪੁੱਜੇ। ਇਸ ਮੌਕੇ ਆਸ਼ਾ ਕੈਲੇ ਜੀ ਨੂੰ ਬੁੱਕੇ ਅਤੇ ਦੁਸ਼ਾਲਾ ਭੇਂਟ ਕਰਨ ਉਪਰੰਤ ਕੇਕ ਕੱਟ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ। ਇਸ ਸਮੇਂ ਬਾਵਾ ਨੇ ਉਨ੍ਹਾਂ ਨੂੰ ਇਤਿਹਾਸਿਕ ਪੁਸਤਕ ਭੇਂਟ ਕਰਕੇ ਵਧਾਈ ਦਿੱਤੀ। ਇਸ ਸਮੇਂ ਮਮਤਾ ਆਸ਼ੂ, ਮੀਨਾਕਸ਼ੀ ਸੈਣੀ, ਨੀਲਮ ਸ਼ਰਮਾ, ਗੁਰਦੀਪ ਕੌਰ, ਸੁਰਜੀਤ ਗਾਂਧੀ, ਆਸ਼ਾ ਗਰਗ ਕੌਂਸਲਰ, ਜਗਤਾਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਸਮੇਂ ਉਪਰੋਕਤ ਨੇਤਾਵਾਂ ਨੇ ਵਧਾਈਆਂ ਦਿੱਤੀਆਂ ਅਤੇ ਬੀਤ ਚੁੱਕੇ ਸਮੇਂ




ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਉਹਨਾਂ ਕਿਹਾ ਕਿ ਲੋੜ ਹੈ ਅਹੁਦੇ ਦੇਣ ਸਮੇਂ ਕੰਮ, ਕੁਰਬਾਨੀ, ਸਨਿਓਰਟੀ ਨੂੰ ਧਿਆਨ ਵਿੱਚ ਰੱਖਿਆ ਜਾਵੇ। ਉਹਨਾਂ ਕਿਹਾ ਕਿ ਪਾਰਟੀ ਦੀ ਖਾਤਰ ਜੀਵਨ ਲਗਾਉਣ ਵਾਲਿਆਂ ਦਾ ਮਾਣ ਸਨਮਾਨ ਕਰਨ ਨਾਲ ਪਾਰਟੀ ਅੰਦਰ ਮਜ਼ਬੂਤੀ ਆਉਂਦੀ ਹੈ ਅਤੇ ਪਾਰਟੀ ਦੀ ਵਿਚਾਰਧਾਰਾ ਮਜ਼ਬੂਤ ਹੁੰਦੀ ਹੈ। ਬਾਵਾ ਅਤੇ ਜੋਸ਼ੀ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਲੁਧਿਆਣਾ ਅੰਦਰ ਪਰਿਵਾਰ ਦੀ ਤਰ੍ਹਾਂ ਸਮਝਣ ਵਾਲੇ ਨੇਤਾ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ, ਸਤਪਾਲ ਮਿੱਤਲ ਜੋ ਰਾਜ ਸਭਾ ਮੈਂਬਰ ਅਤੇ ਮੰਤਰੀ ਰਹੇ, ਜੋਗਿੰਦਰ ਪਾਲ ਪਾਂਡੇ ਸਾਬਕਾ ਮੰਤਰੀ, ਓਮ ਪ੍ਰਕਾਸ਼ ਗੁਪਤਾ ਸਾਬਕਾ ਵਿਧਾਇਕ, ਸੱਤਪਾਲ ਪ੍ਰਾਸ਼ਰ ਨਾਲ ਅਸੀਂ ਸਭ ਨੇ ਕੰਮ ਕੀਤਾ ਹੈ। ਉਹਨਾਂ ਕਿਹਾ ਕਿ ਵੱਡਾ ਨੇਤਾ ਉਹੀ ਹੁੰਦਾ ਹੈ ਜਿਸ ਦਾ ਹਿਰਦਾ ਵਿਸ਼ਾਲ ਹੋਵੇ, ਕਹਿਣੀ ਅਤੇ ਕਰਨੀ ਦਾ ਪੂਰਾ ਹੋਵੇ, ਪਾਰਟੀ ਦਾ ਵਫਾਦਾਰ ਹੋਵੇ, ਸ਼ਬਦਾਂ ਦਾ ਵਜ਼ਨ ਹੋਵੇ, ਵਰਕਰਾਂ ਨੂੰ ਪਿਆਰ ਸਤਿਕਾਰ ਦੇਵੇ ਅਤੇ ਵਰਕਰ ਦਾ ਦੁੱਖ-ਸੁੱਖ ਦਾ ਭਾਈਵਾਲ ਹੋਵੇ। ਉਹਨਾਂ ਕਿਹਾ ਕਿ ਅੱਜ ਅਸੀਂ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਜਾਣ ਦੀ ਆਹੂਤੀ ਦੇਣ ਵਾਲੇ ਜਿਨਾਂ ਨੇ ਭਾਈਚਾਰਕ ਸਾਂਝ ਦਾ ਸਬੂਤ ਦਿੱਤਾ ਆਤਮਾ ਰਾਮ ਆਰੀਆ ਅਤੇ ਅਰਜੁਨ ਸਿੰਘ ਨੂੰ ਵੀ ਯਾਦ ਕਰਦੇ ਹਾਂ। ਉਹਨਾਂ ਕਿਹਾ ਕਿ ਅੱਜ ਸਵ: ਡਾ: ਕਾਲੀ ਚਰਨ ਦੀ ਸ਼ਹਾਦਤ ਨੂੰ ਵੀ ਅਸੀਂ ਪ੍ਰਣਾਮ ਕਰਦੇ ਹਾਂ। ਇਸ ਸਮੇਂ ਗੁਰਪ੍ਰੀਤ ਕੌਰ, ਡਿੰਪੀ ਧਵਨ, ਰੋਮਾ ਢਾਂਡਾ, ਸ਼ਰਨਜੀਤ ਸਿੰਘ, ਪੂਨਮ ਸ਼ਰਮਾ, ਪਰਵਰ ਜੱਲ, ਗੁਡੂ ਅਤੇ ਆਰੂ ਹਾਜ਼ਰ ਸਨ।

# ਜੇਕਰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਕਾਂਗਰਸ ਜਿੱਤਦੀ ਹੈ ਤਾਂ ਸ. ਰਾਣਾ ਗੁਰਜੀਤ ਸਿੰਘ ਹੋਣਗੇ ਮੁੱਖ ਮੰਤਰੀ ਦੇ ਮੁੱਖ ਦਾਅਵੇਦਾਰ-ਵਿਨੋਦ ਭਾਰਦਵਾਜ ਮੋਂਰੋਂ

**ਫਿਲੌਰ/ਅੱਪਰਾ (ਦੀਪਾ)–** ਅੱਜ ਅੱਪਰਾ ਵਿਖੇ ਗੱਲਬਾਤ ਕਰਦਿਆਂ ਸਮਾਜ ਸੇਵਕ ਵਿਨੋਦ ਭਾਰਦਵਾਜ ਨੇ ਕਿਹਾ ਕਿ ਜੇਕਰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਕਾਂਗਰਸ ਪਾਰਟੀ ਬਹੁਮਤ ਨਾਲ ਜਿੱਤਦੀ ਹੈ ਤਾਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਰਾਣਾ ਗੁਰਜੀਤ ਸਿੰਘ ਮੁੱਖ ਮੰਤਰੀ ਦੇ ਸੱਭ ਤੋਂ ਯੋਗ ਤੇ ਮੁੱਖ ਦਾਅਵੇਦਾਰ ਹੋਣਗੇ । ਉਨਾਂ ਅੱਗੇ ਕਿਹਾ ਕਿ ਰਾਣਾ ਗੁਰਜੀਤ ਸਿੰਘ ਚਾਰ ਵਾਰ ਵਿਧਾਇਕ, ਇੱਕ ਵਾਰ ਮੈਂਬਰ ਪਾਰਲੀਮੈਂਟ ਤੇ ਇੱਕ ਵਾਰ ਸਾਬਕਾ ਕੈਬਨਿਟ ਮੰਤਰੀ ਵੀ ਰਹਿ ਚੁੱਕੇ ਹਨ । ਵਿਨੋਦ ਭਾਰਦਾਵ ਨੇ ਅੱਗੇ ਕਿਹਾ ਕਿ ਸਿਰਫ ਰਾਣਾ ਗੁਰਜੀਤ ਸਿੰਘ





ਹੀ ਕਾਂਗਰਸ ਤੇ ਪੰਜਾਬ ਦੀ ਯੋਗ ਅਗਵਾਈ ਕਰਨ ਦੇ ਉਮੀਦਵਾਰ ਹਨ । ਉਨਾਂ ਨੇ ਆਪਣੇ ਵਿਧਾਇਕ ਤੇ ਮੈਂਬਰ ਪਾਰਲੀਮੈਂਟ ਰਹਿੰਦਿਆਂ ਆਪਣੇ ਹਲਕੇ ਦੇ ਅਨੇਕਾਂ ਵਿਕਾਸ ਕਾਰਜ ਕਰਵਾਏ ਹਨ, ਜੋ ਕਿ ਉਨਾਂ ਦੀ ਸੋਚ ਤੇ ਵਿਚਾਰਾਂ ਦੀ ਮੂੰਹ ਬੋਲਦੀ ਤਸਵੀਰ ਹੈ । ਵਿਨੋਦ ਭਾਰਦਵਾਜ ਮੋਂਰੋਂ ਨੇ ਅੱਗੇ ਕਿਹਾ ਕਿ ਕਾਂਗਰਸ ਹਾਈਕਮਾਂਡ ਨੂੰ ਹੁਣ ਤੋਂ ਹੀ ਇਸ ਵਿਸ਼ੇ 'ਤੇ ਵਿਚਾਰ ਚਰਚਾ ਸ਼ੁਰੂ ਕਰ ਦੇਣੀ ਚਾਹੀਦੀ ਹੈ ।

# ਜਿਸ ਪਦਵੀਂ ‘ਤੇ ਸੇਵਾ ਨਿਭਾਉਣੀ ਹੋਵੇ ਉਸ ਪਦਵੀਂ ਦੇ ਇਤਿਹਾਸ ਤੋਂ ਜਾਣੂ ਹੋਣਾ ਬਹੁਤ ਜ਼ਰੂਰੀ- ਸ. ਸਰਨਾ

## ਗਿਆਨੀ ਰਘਬੀਰ ਸਿੰਘ ਨੇ ਸਿੱਖਾਂ ਦੀ ਉਚ ਪਦਵੀਂ ਨੂੰ ਦੁਨਿਆਵੀਂ ਅਦਾਲਤ ਦੇ ਕਟਹਿਰੇ ‘ਚ ਕੀਤਾ ਖੜਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਅਕਾਲੀ ਆਗੂ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੂੰ ਦੁਨਿਆਵੀ ਅਦਾਲਤ ਦਾ ਰੁੱਖ ਅਖਤਿਆਰ ਨਹੀਂ ਕਰਨਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਜਿਸ ਪਦਵੀਂ ‘ਤੇ ਸੇਵਾ ਨਿਭਾਉਂਦੇ ਹੋਈਏ ਉਸ ਪਦਵੀਂ ‘ਤੇ ਸੇਵਾ ਨਿਭਾ ਚੁੱਕੀਆਂ ਸ਼ਖਸ਼ੀਅਤਾਂ ਦੀਆਂ ਘਾਲਣਾ ਤੇ ਕੁਰਬਾਨੀਆਂ ਨੂੰ ਵੀ ਚੇਤੇ ਰੱਖਣਾ ਚਾਹੀਦਾ ਹੈ। ਸ੍ਰ: ਸਰਨਾ ਨੇ ਕਿਹਾ ਕਿ ਗਿਆਨੀ ਰਘਬੀਰ ਸਿੰਘ ਨੇ ਨਿੱਜੀ ਮੁਫਾਦਾਂ ਲਈ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਦੀ ਪਦਵੀਂ ਨੂੰ ਹੀ ਦੁਨਿਆਵੀ ਅਦਾਲਤ ਵਿੱਚ ਖੜਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿਸ ਪਦਵੀਂ ਅੱਗੇ ਦੁਨੀਆਂ ਭਰ ਦੇ ਸਿੱਖ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦਾ ਸਿਰ ਝੁਕਦਾ ਹੈ, ਉਸ ਪਦਵੀਂ ਨੂੰ ਅਦਾਲਤ ਵਿੱਚ ਖੜਾ



ਕਰਕੇ ਨੀਵਾਂ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਯਤਨ ਨੇ ਜਿੱਥੇ ਸ਼੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਪਦਵੀਂ ਨੂੰ ਨੀਵਾਂ ਕਰਨ ਦਾ ਯਤਨ ਗਿਆਨੀ ਰਘਬੀਰ ਸਿੰਘ ਨੇ ਕੀਤਾ ਹੈ, ਉਥੇ ਉਹਨਾਂ ਨੇ ਆਪਣੀ ਸ਼ਖਸ਼ੀਅਤ ਨੂੰ ਵੀ ਹੇਠਾਂ ਸੁੱਟ ਲਿਆ ਹੈ। ਸਰਨਾ ਨੇ ਕਿਹਾ ਕਿ ਇਹ ਉਹ ਪਦਵੀ ਹੈ ਜਿੱਥੇ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਨੇ ਸੇਵਾਵਾਂ ਨਿਭਾਈਆਂ ਅਤੇ ਭਾਈ ਮਨੀ ਸਿੰਘ ਜੀ ਨੇ ਸੇਵਾਵਾਂ ਨਿਭਾਉਂਦੇ ਹੋਏ ਆਪਣੇ ਬੰਦ-ਬੰਦ ਕਟਵਾ ਕੇ ਸ਼ਹੀਦੀ ਪ੍ਰਾਪਤ ਕੀਤੀ। ਸ੍ਰ: ਸਰਨਾ ਨੇ ਕਿਹਾ ਕਿ ਕਿਸੇ ਵੀ ਧਾਰਮਿਕ ਸ਼ਖਸ਼ੀਅਤ ਨੂੰ ਮਾਨ ਮਰਿਆਦਾ ਅਤੇ ਸਿਧਾਂਤਾਂ ਨੂੰ ਤਾਰ-ਤਾਰ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਸਰਨਾ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕਰਦਿਆਂ ਕਿਹਾ ਕਿ ਗਿਆਨੀ ਰਘਬੀਰ ਸਿੰਘ ਵੱਲੋਂ ਅਦਾਲਤ ਵਿੱਚ ਕੀਤੇ ਕੇਸ ਨੂੰ ਲੈ ਕੇ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬ ਦੀ ਪਦਵੀ ਨੂੰ ਠੇਸ ਪਹੁੰਚਾਉਂਣ ਅਤੇ ਨੀਂਵਾ ਦੱਸਣ ਦੀ ਇਸ ਕਾਰਵਾਈ ਦਾ ਤੁਰੰਤ ਨੋਟਿਸ ਲੈਣਾ ਚਾਹੀਦਾ ਹੈ। ਸਰਨਾ ਨੇ ਧਾਮੀ ਨੂੰ ਕਿਹਾ ਕਿ ਹੁਣ ਗਿਆਨੀ ਰਘਬੀਰ ਸਿੰਘ ਨੇ ਜੋ ਅਦਾਲਤ ਦੇ ਕਟਹਿਰੇ ਵਿੱਚ ਖੜੇ ਹੋਣ ਦਾ ਫੈਂਸਲਾ ਲਿਆ ਹੈ, ਇਸ ਲਈ ਗਿਆਨੀ ਰਘਬੀਰ ਸਿੰਘ ਨੂੰ ਤੁਰੰਤ ਧਾਰਮਿਕ ਸੇਵਾਵਾਂ ਤੋਂ ਲਾਂਭੇ ਕਰਕੇ ਸਰਵਿਸ ਨਿਯਮਾਂ ਮੁਤਾਬਿਕ ਕੋਈ ਦਫਤਰੀ ਸੇਵਾਵਾਂ ਲਈ ਬਦਲ ਦੇਣਾ ਚਾਹੀਦਾ ਹੈ। ਜਿਸ ਸਖ਼ਸ਼ੀਅਤ ਨੇ ਸਿੱਖ ਕੌਮ ਦੀਆਂ ਦੋ ਅਹਿਮ ਪਦਵੀਆਂ ‘ਤੇ ਸੇਵਾ ਨਿਭਾਉਂਣ ਤੋਂ ਬਾਅਦ ਵੀ ਮਾਨ ਮਰਿਆਦਾ ਅਤੇ ਸਿੱਖੀ ਸਿਧਾਂਤਾਂ ਦਾ ਗਿਆਨ ਹਾਸਲ ਨਹੀਂ ਕੀਤਾ, ਉਹ ਸੰਗਤਾਂ ਲਈ ਵੀ ਗਲਤ ਰਾਹ ਦਸੇਰਾ ਹੋਵੇਗਾ।

# ਸੰਯੁਕਤ ਦਲਿਤ ਮੋਰਚਾ ਦੀ ਸੂਬਾ ਪੱਧਰੀ ਮੀਟਿੰਗ ਦੌਰਾਨ ਦਰਪੇਸ਼ ਸਮੱਸਿਆਵਾਂ ਉੱਪਰ ਵਿਚਾਰ ਚਰਚਾ ਕੀਤੀ

## ਬਰਨਾਲਾ ਵਿਚ ਸੂਬਾ ਪੱਧਰੀ ਕਨਵੈਨਸ਼ਨ 3 ਅਗਸਤ ਨੂੰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਸਥਿਤ ਸਰਕਟ ਹਾਊਸ ਵਿਖੇ ਸੰਯੁਕਤ ਦਲਿਤ ਮੋਰਚਾ (ਐੱਸ.ਡੀ.ਐਮ.) ਦੀ ਇੱਕ ਸੂਬਾ ਪੱਧਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਤਕਰੀਬਨ 20 ਜਥੇਬੰਦੀਆਂ ਨੇ ਹਿੱਸਾ ਲਿਆ। ਮੀਟਿੰਗ ਦਾ ਆਗਾਜ਼ ਡਾ: ਕਸ਼ਮੀਰ ਸਿੰਘ ਖੁੰਡਾ ਵੱਲੋਂ ਮੋਰਚੇ ਦੇ ਟੀਚੇ, ਪੰਜਾਬ 'ਚ ਦਲਿਤਾਂ ਦੀ ਦਿਸ਼ਾ ਤੇ ਦਸ਼ਾ, ਨਸ਼ੇ ਦੀ ਦਲਦਲ ਚ ਧੱਸਿਆ ਹੋਈ ਦਲਿਤ ਜਵਾਨੀ, ਹੋ ਰਹੇ ਅੱਤਿਆਚਾਰਾਂ, ਮਜ਼ਦੂਰ ਵਰਗ ਦਾ ਹੋ ਰਿਹਾ ਸੋਸ਼ਣ ਆਦਿ ਸਮੱਸਿਆਵਾਂ' ਤੇ ਕੇਂਦਰਿਤ ਕਰਦਿਆਂ ਵਿਚਾਰ ਪ੍ਰਗਟ ਕੀਤੇ ਗਏ। ਭਗਵੰਤ ਸਮਾਓ ਨੇ ਦਲਿਤ ਮਸਲਿਆਂ 'ਤੇ ਧਿਆਨ ਦਿੰਦਿਆਂ, ਦੇ ਹੱਲ ਵੱਲ ਤੁਰਨ ਲਈ ਲੋਕ ਲਾਮਬੰਦੀ ਤੇ ਹਰੇਕ ਜਥੇਬੰਦੀ ਨੂੰ ਪਿੰਡ ਪੱਧਰ 'ਤੇ ਕੰਮ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਬਲਦੇਵ ਸਿੰਘ ਕਲਿਆਣ ਅਤੇ ਕਿਰਨਜੀਤ ਸਿੰਘ ਗਹਿਰੀ ਨੇ ਭਵਿੱਖ ਦੇ ਕੀਤੇ ਜਾਣ ਵਾਲੇ ਕਾਰਜਾਂ ਤੇ ਵਿਸਥਾਰਤ ਜਾਣਕਾਰੀ ਦਿੱਤੀ। ਇਸੇ ਤਰ੍ਹਾਂ ਹੋਰ ਬੁਲਾਰਿਆਂ ਅਵਤਾਰ ਸਿੰਘ ਸਹੋਤਾ, ਵਿੱਕੀ ਪ੍ਰੋਚਾ, ਕੈਪਟਨ ਦਰਸ਼ਨ ਸਿੰਘ, ਸਰਪੰਚ ਮੰਗਲ ਸਿੰਘ, ਡਾ: ਰਣਜੀਤ ਸਿੰਘ, ਗੁਰਚਰਨ ਸਿੰਘ, ਰਣਜੀਤ ਸਿੰਘ ਰਾਣਾ, ਪ੍ਰਗਟ ਸਿੰਘ ਰਾਜੇਆਣਾ, ਲਖਬੀਰ ਸਿੰਘ ਬੌਬੀ, ਸਤਨਾਮ ਸਿੰਘ, ਨਿਸ਼ੂ ਘਈ, ਬਲਜਿੰਦਰ ਸਿੰਘ ਧਾਲੀਵਾਲ, ਸੁਖਦੇਵ ਸਿੰਘ, ਪ੍ਰਤਾਪ ਸਿੰਘ ਸਰਪੰਚ ਬਰਗਾੜੀ, ਕਰਤਾ ਸਿੰਘ ਮਚਾਕੀ, ਰਾਜ ਸਿੰਘ ਟੋਡਰਵਾਲ, ਗੁਰਸੇਵਕ ਸਿੰਘ ਫੂਲ, ਹਰਚੰਦ ਸਿੰਘ ਜੱਖਵਾਲੀ, ਐਡਵੋਕੇਟ ਇੰਦਰਜੀਤ ਸਿੰਘ, ਜਸਬੀਰ ਸਿੰਘ ਘਲੋਟੀ, ਜਗਸੀਰ ਸਿੰਘ, ਦਲੇਰ ਸਿੰਘ ਵਾਲਾ,ਅਜੈਬ ਸਿੰਘ ਬਿਠੋਈ, ਗੁਰਮੇਲ ਸਿੰਘ ਗੁਰਬਖਸ਼ਪੁਰਾ, ਡਾ: ਦਲਜੀਤ ਸਿੰਘ ਚੌਹਾਨ, ਰਾਜ ਕੋਟਲੀ, ਅੰਬੇਡਕਰੀ ਬਾਬਾ, ਸਤਨਾਮ ਸਿੰਘ, ਸੂਬੇਦਾਰ ਨੰਦ ਸਿੰਘ, ਰਾਜਿੰਦਰ ਸਿਆਲ ਅਤੇ ਐਡਵੋਕੇਟ ਗਗਨਦੀਪ ਕੌਰ ਆਦਿ ਨੇ ਸੰਬੋਧਨ ਮੋਰਚੇ ਨੂੰ ਮਜਬੂਤ ਕਰਨ ਲਈ ਤਨ, ਮਨ ਅਤੇ ਧਨ ਨਾਲ ਕੰਮ ਕਰਨ ਉੱਪਰ ਜ਼ੋਰ ਦਿੱਤਾ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਹੇਠ ਲਿਖੇ ਮਤੇ ਪ੍ਰਵਾਨ ਕੀਤੇ ਗਏ।

ਦਲਿਤਾਂ ਵਿਰੁੱਧ ਹੁੰਦੇ ਅੱਤਿਆਚਾਰਾਂ ਨੂੰ ਰੋਕਣਾ, ਜਾਤੀ ਅਧਾਰਿਤ ਹੋਣ ਵਾਲੀ ਮਰਦਮ ਸ਼ੁਮਾਰੀ 'ਚ ਅਨੁਸੂਚਿਤ ਜਾਤੀਆਂ ਦੇ ਲੋਕਾਂ



ਨੂੰ ਆਪਣੀ ਮੂਲ ਜਾਤੀ ਲਿਖਵਾਉਣ ਲਈ ਸਮਝਾਉਣਾ, ਜਿਵੇਂ ਵਾਲਮੀਕੀ /ਮਜ਼੍ਹਬੀ /ਰਾਮਦਾਸੀਆ ਸਿੱਖ ਹੋਣ ਕਾਰਨ ਹੀ ਰਾਖਵੇਂਕਰਨ ਅਤੇ ਹੋਰ ਸਹੂਲਤਾਂ ਮਿਲਦੀਆਂ ਰਹਿਣਗੀਆਂ, ਖਾਸ ਕਰ ਜਿਸ ਨੇ ਆਪੰਣਾ ਧਰਮ ਤਬਦੀਲ ਕਰ ਲਿਆ ਹੈ। ਅਨੁਸੂਚਿਤ ਜਾਤੀਆਂ ਲਈ ਹਰੇਕ ਸਾਧਨ ਸੰਸਾਧਨ 'ਚ ਬਰਾਬਰ ਸਾਧਨਾਂ ਦੀ ਵੰਡ ਕਰਵਾਉਣਾ ਅਤੇ ਆਰਥਿਕ, ਸਮਾਜਿਕ, ਵਿੱਦਿਅਕ, ਰਾਜਨੀਤਕ ਆਦਿ ਪੱਖਾਂ ਨੂੰ ਮਜ਼ਬੂਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨਾ, ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਤੁਰੰਤ 800 ਰੁਪਏ ਕਰਕੇ ਇਸ ਨੂੰ ਅੱਗੇ ਤੌਂ ਮਹਿੰਗਾਈ ਸੂਚਕ ਅੰਕ ਨਾਲ ਜੋੜਣਾ ਅਤੇ ਸਾਲ ਵਿੱਚ ਕੰਮ ਦੇ ਦਿਨਾਂ ਦੀ ਗਿਣਤੀ ਵਧਾ ਕੇ ਘੱਟੋ ਘੱਟ 200 ਦਿਨ ਕਰਵਾਉਣਾ, ਲੈਂਡ ਸੀਲਿੰਗ ਐਕਟ ਨੂੰ ਲਾਗੂ ਕਰਕੇ ਵਾਧੂ ਜ਼ਮੀਨਾਂ ਬੇਜਮੀਨੇ ਲੋਕਾਂ 'ਚ ਵੰਡੇ ਜਾਣ ਦੀ ਹਮਾਇਤ ਕਰਨਾ, ਨਜ਼ੂਲ, ਸ਼ਾਮਲਤ ਜ਼ਮੀਨਾਂ ਦੇ ਹੱਕ ਦਲਿਤਾਂ ਨੂੰ ਦੇਣੇ, 40 ਫੀਸਦ ਪੰਚਾਇਤੀ ਜਮੀਨਾਂ ਅਸਲ 'ਚ ਦਲਿਤਾਂ ਨੂੰ ਦੇਣ ਦੇ ਉਪਬੰਧ ਕਰਨੇ, ਹਰੇਕ ਸਰਕਾਰੀ ਸਕੂਲ ਨੂੰ ਸਕੂਲ ਆਫ ਐਮੀਨੈਂਸ ਵਾਲੀਆਂ ਸਹੂਲਤਾਂ ਦਿੱਤੇ ਜਾਣ ਲਈ ਜ਼ੋਰ ਲਗਾਉਣਾ ਅਤੇ ਹਰੇਕ ਤਰ੍ਹਾਂ ਦੀ ਵਿੱਦਿਅਕ, ਟੈਕਨੀਕਲ, ਪ੍ਰੋਫੈਸ਼ਨਲ ਆਦਿ ਸ਼ੁਰੂਆਤੀ ਵਿਦਿਆ ਤੋਂ ਉੱਚ ਵਿਦਿਆ ਮੁਫ਼ਤ ਦੇਣ ਦੇ ਨਾਲ, ਹੋਸਟਲ ਚ ਰਹਿਣ-ਸਹਿਣ, ਖਾਣ-ਪੀਣ ਆਦਿ ਦਾ ਖਰਚਾ ਜਾਂ ਰੋਜ਼ਾਨਾ ਆਉਣ - ਜਾਣ ਆਦਿ ਦੇ ਖਰਚੇ ਸਰਕਾਰ ਵੱਲੋਂ ਦਿੱਤੇ ਜਾਣ ਅਤੇ ਜੋ ਵਿਦਿਆਰਥੀ/ ਸਿਖਿਆਰਥੀ ਬਾਹਰਲੇ ਦੇਸ਼ਾਂ 'ਚ ਉੱਚ ਵਿਦਿਆ ਹਾਸਿਲ ਕਰਨਾ ਚਾਹੁਣ, ਨੂੰ ਪੂਰੇ ਖਰਚ ਸਰਕਾਰ ਵੱਲੋਂ ਮੁਹੱਈਆ ਕਰਵਾਉਣੇ,ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਆਪਣਾ ਕਾਰੋਬਾਰ ਦੁਕਾਨਾਂ, ਫੈਕਟਰੀਆਂ ਆਦਿ ਸ਼ੁਰੂ ਕਰਨ ਲਈ ਗਾਰੰਟੀ ਰਹਿਤ ਅਤੇ ਵਿਆਜ ਮੁਕਤ ਕਰਜਾ ਮੁਹੱਈਆ ਕਰਵਾਉਣਾ, ਜਿਸ ਵਿੱਚ ਘੱਟੋ ਘੱਟ 30 ਫੀਸਦੀ ਸਬਸਿਡੀ, 5 ਤੌਂ 10 ਸਾਲ ਲਈ ਕਰ ਮੁਕਤ, ਸਸਤੀ ਬਿਜਲੀ ਆਦਿ ਕਾਰੋਬਾਰ ਨੂੰ ਪ੍ਰਫੁੱਲਿਤ ਕਰਨ ਲਈ ਸਹੂਲਤਾਂ ਦਿੱਤੀਆਂ ਜਾਣ, ਅਨੁਸੂਚਿਤ ਜਾਤੀਆਂ ਲਈ ਗਰੀਬੀ ਰੇਖਾ ਲਈ ਰੱਖੀ ਗਈ ਸਾਲਾਨਾ ਢਾਈ ਲੱਖ ਦੀ ਆਮਦਨੀ ਦੀ ਹੱਦ, ਆਰਥਿਕ ਤੌਰ ਤੇ ਕਮਜ਼ੋਰ ਵਰਗ (ਜਨਰਲ ਜਾਤੀਆਂ) ਦੇ ਬਰਾਬਰ 10 ਲੱਖ ਕੀਤੀ ਜਾਵੇ, ਪੰਜਾਬ ਵਿੱਚ ਪਰਵਾਸੀਆਂ ਤੇ ਹੋਰ ਜਾਤੀਆਂ ਦੇ ਧੜਾ-ਧੜ ਬਣਾਏ ਜਾ ਰਹੇ ਅਨੁਸੂਚਿਤ ਜਾਤੀ ਸਰਟੀਫਿਕੇਟਾਂ ਤੇ ਰੋਕ ਲਗਵਾਉਣਾ, ਸਾਡੇ ਧਾਰਮਿਕ, ਸਮਾਜਿਕ ਆਗੂ ਅਤੇ ਯੋਧਿਆਂ ਦੀਆਂ ਬਹੁ ਉਦੇਸ਼ੀ ਯਾਦਗਾਰਾਂ / ਯੂਨੀਵਰਸਿਟੀਆਂ ਸਥਾਪਿਤ ਕਰਵਾਉਣੀਆਂ, ਲਾਲ ਲਕੀਰ ਦੇ ਅੰਦਰ ਸਭ ਨੂੰ ਮਾਲਕਾਨਾ ਹੱਕ ਦਿੱਤੇ ਜਾਣ ਲਈ ਪ੍ਰਕਿਰਿਆ ਸਮਾਂ ਬੱਧ ਕਰਵਾਉਣਾ, ਹਰੇਕ ਮਜ਼ਦੂਰ ਦੀ ਉੱਜਰਤ ਪ੍ਰਤੀ ਘੰਟਾ ਘੱਟੋ-ਘੱਟ 100 ਰੁਪਏ ਕਰਕੇ ਉਸਨੂੰ ਮਹਿੰਗਾਈ ਸੂਚਕ ਅੰਕ ਨਾਲ ਜੋੜਣ ਲਈ ਕੋਸ਼ਿਸ਼ ਕਰਨਾ, ਈ.ਐਸ.ਆਈ. ਅਤੇ ਈ.ਪੀ.ਐਫ. ਮਜ਼ਦੂਰਾਂ ਦੀ ਘੱਟੋ ਘੱਟ ਆਮਦਨ ਹੱਦ 50 ਹਜ਼ਾਰ ਰੁਪਏ ਰੱਖਵਾਉਣਾ, ਨਿੱਜੀਕਰਨ ਬੰਦ ਕਰਕੇ ਉਹਨਾਂ ਦਾ ਸਰਕਾਰੀਕਰਨ ਕੀਤੇ ਜਾਣ ਲਈ ਦਬਾਅ ਬਣਾਉਣਾ ਅਤੇ ਸਰਕਾਰੀ ਮਹਿਕਮਿਆਂ ਨੂੰ ਮਜ਼ਬੂਤ ਕਰਦਿਆਂ ਇਹਨਾਂ ਵਿੱਚ ਵੱਖ ਵੱਖ ਸਕੀਮਾਂ ਤਹਿਤ ਕੰਮ ਕਰਦੇ ਕਰਮਚਾਰੀਆਂ ਨੂੰ ਪੱਕਾ ਕਰਵਾਉਣਾ, ਯੁੱਧ ਨਸ਼ਿਆਂ ਵਿਰੁੱਧ" ਲਈ ਸਰਕਾਰ ਦਾ ਸੰਯੁਕਤ ਦਲਿਤ ਮੋਰਚਾ ਸੁਆਗਤ ਕਰਦਾ ਹੈ, ਪਰ ਇਸ ਆੜ 'ਚ ਸਿਰਫ ਦਲਿਤਾਂ ਅਤੇ ਗਰੀਬਾਂ ਦੇ ਘਰਾਂ 'ਤੇ ਬੁਲਡੋਜ਼ਰ ਚਲਾਏ ਜਾਣ ਦਾ ਮੋਰਚਾ ਸਖਤ ਵਿਰੋਧ ਕਰਦਾ ਹੈ, ਸੰਵਿਧਾਨ ਬਚਾਓ, ਈ. ਵੀ. ਐਮ. ਆਦਿ ਮੁੱਦਿਆਂ ਤੇ ਲੋਕਾਂ ਨੂੰ ਜਾਗਰੂਕ ਕਰਨ ਲਈ 3 ਅਗਸਤ ਨੂੰ ਬਰਨਾਲਾ ਵਿਖੇ ਸੂਬਾ ਪੱਧਰੀ ਕਨਵੈਨਸ਼ਨ ਕਰਵਾਏ ਜਾਣ ਦੇ ਮਤੇ ਪਾਸ ਕੀਤੇ ਗਏ।

# ਪੁਲਿਸ ਚੌਂਕੀ ਅੱਪਰਾ ਦੇ ਇੰਚਾਰਜ ਸਬ ਇੰਸਪੈਕਟਰ ਨਿਰਮਲ ਸਿੰਘ ਅਤੇ ਸਮੂਹ ਸਟਾਫ ਨੂੰ ਵਧੀਆ ਕਾਰਗੁਜਾਰੀ ਲਈ ਕੀਤਾ ਸਨਮਾਨਿਤ

**ਫਿਲੌਰ/ਅੱਪਰਾ (ਦੀਪਾ)-** ਸਥਾਨਕ ਪੁਲਿਸ ਚੌਕੀ ਵਿਖੇ ਤਾਇਨਾਤ ਸਬ ਇੰਸਪੈਕਟਰ ਨਿਰਮਲ ਸਿੰਘ ਅਤੇ ਅੱਪਰਾ ਪੁਲਿਸ ਚੌਕੀ ਦੇ ਸਮੂਹ ਸਟਾਫ਼ ਨੂੰ ਗ੍ਰਾਮ ਪੰਚਾਇਤ ਅੱਪਰਾ ਤੇ ਹੋਰ ਪਤਵੰਤਿਆਂ ਵਲੋਂ ਪ੍ਰਸੰਸਾ ਪੱਤਰ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸ਼ਹੀਦ ਭਗਤ ਸਿੰਘ ਪਾਰਕ ਅੱਪਰਾ ਵਿਖੇ ਆਯੋਜਿਤ ਕੀਤੇ ਗਏ ਬਹੁਤ ਹੀ ਪ੍ਰਭਾਵਸ਼ਾਲੀ ਤੇ ਸੰਖੇਪ ਜਿਹੇ ਸਨਮਾਨ ਸਮਾਰੋਹ ਮੌਕੇ ਵਿਨੈ ਕੁਮਾਰ ਸਰਪੰਚ ਗ੍ਰਾਮ ਪੰਚਾਇਤ ਅੱਪਰਾ ਅਤੇ ਭਾਜਪਾ ਆਗੂ ਮੁਕੇਸ਼ ਕੁਮਾਰ ਦਾਦਰਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਜਾਰੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਅਤੇ ਹੋਰ ਕਾਰਜਾਂ ਪ੍ਰਤੀ ਵੀ ਸਬ ਇੰਸਪੈਕਟਰ ਨਿਰਮਲ ਸਿੰਘ ਅਤੇ ਉਨ੍ਹਾਂ ਦੀ ਟੀਮ ਦੀ ਕਾਰੁਜ਼ਗਾਰੀ ਬਹੁਤ ਹੀ ਬਿਹਤਰ ਰਹੀ ਹੈ। ਉਨ੍ਹਾਂ ਕਿਹਾ ਕਿ ਸੀ. ਐਚ. ਸੀ. ਅੱਪਰਾ ਵਿਖੇ ਸਥਿਤ ਓਟ ਕੇਂਦਰ ਵਿੱਚ ਗੋਲੀ ਲੈਣ ਦੇ ਬਹਾਨੇ ਸਾਰੇ ਸ਼ਰਾਰਤੀ ਅਨਸਰ ਆਉਂਦੇ ਸਨ, ਜਿਸ ਕਾਰਨ ਅੱਪਰਾ ਵਾਸੀਆਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸਤੋਂ ਇਲਾਵਾ ਸ਼ਹਿਰ ਦੀ ਸ਼ਾਨ ਸਮਝੇ ਜਾਂਦੇ ਸ਼ਹੀਦ ਭਗਤ ਸਿੰਘ ਪਾਰਕ ਅਤੇ ਭਾਈ ਮਿਹਰ ਚੰਦ ਪਾਰਕ ਵਿੱਚ ਵੀ ਗੈਰ-ਸਮਾਜੀ ਤੱਤ ਅਤੇ ਭੂੰਡ ਆਸ਼ਕ ਮੰਡਰਾਉਂਦੇ ਰਹਿੰਦੇ ਸਨ। ਇਹਨਾਂ ਬਾਹਰੀ ਗੈਰ ਸਮਾਜੀ ਤੱਤਾਂ ਦਾ ਹੱਲ ਕੱਢਣ ਵਾਰੇ ਅਨੇਕਾਂ ਵਾਰ ਪ੍ਰਸ਼ਾਸ਼ਨ ਨੂੰ ਬੇਨਤੀਆਂ ਕੀਤੀਆਂ ਗਈਆਂ, ਪਰ ਪੰਚਾ



ਦਾ ਕਿਹਾ ਸਿਰ ਮੱਥੇ ਪਰਨਾਲਾ ਉੱਥੇ ਦਾ ਉੱਥੇ ਵਾਲੀ ਕਹਾਵਤ ਲਾਗੂ ਰਹੀ। ਇਹਨਾ ਸ਼ਰਾਰਤੀ ਤੱਤਾਂ ਨੂੰ ਠੱਲ੍ਹ ਪਾ ਕੇ ਅੱਪਰਾ ਵਾਸੀਆਂ ਨੂੰ ਸੁੱਖ ਦਾ ਸਾਹ ਦਵਾਉਣ ਦਾ ਸ਼ਲਾਘਾਯੋਗ ਕਾਰਜ ਸਿਰਫ਼ ਸਬ ਇੰਸਪੈਕਟਰ ਨਿਰਮਲ ਸਿੰਘ ਦੀ ਅਗਵਾਈ ਵਾਲੀ ਟੀਮ ਵਲੋਂ ਹੀ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਬ ਇੰਸਪੈਕਟਰ ਨਿਰਮਲ ਸਿੰਘ ਨੇ ਕਿਹਾ ਕਿ ਐਸ. ਐਸ. ਪੀ. ਹਰਵਿੰਦਰ ਸਿੰਘ ਵਿਰਕ, ਡੀ. ਐਸ. ਪੀ. ਫਿਲੌਰ ਸਰਵਣ ਸਿੰਘ ਬੱਲ ਅਤੇ ਐਸ. ਐਚ. ਓ. ਸੰਜੀਵ ਕਪੂਰ ਜੀ ਦੇ ਹੁਕਮਾਂ ਤਹਿਤ ਅਮਨ ਕਾਨੂੰਨ ਨੂੰ ਬਰਕਰਾਰ ਰੱਖਣ, ਸ਼ਰਾਰਤੀ ਤੇ ਗੈਰ ਸਮਾਜਿਕ ਅਨਸਰਾਂ ਅਤੇ ਨਸ਼ਾ ਤਸਕਰਾਂ ਨੂੰ ਠੱਲ੍ਹ ਪਾਉਣ ਲਈ ਮੈਂ ਤੇ ਮੇਰੀ ਟੀਮ ਤਨਦੇਹੀ ਨਾਲ ਡੱਟੇ ਹੋਏ ਹਾਂ। ਚਾਰਜ ਸੰਭਾਲਦਿਆਂ ਹੀ ਗ੍ਰਾਮ ਪੰਚਾਇਤ ਵਲੋਂ ਮਿਲੀਆਂ ਸ਼ਿਕਾਇਤਾਂ ਅਨੁਸਾਰ ਗੈਰ ਸਮਾਜੀ ਤੱਤਾਂ ਖਿਲਾਫ਼ ਵੀ ਮੁਹਿੰਮ ਵਿੱਡੀ ਗਈ ਸੀ। ਉਨ੍ਹਾਂ ਨਸ਼ਾ ਤਸਕਰਾਂ ਤੇ ਸ਼ਰਾਰਤੀ ਅਨਸਰਾਂ ਨੂੰ ਸਖਤ ਤਾੜਨਾ ਵੀ ਕੀਤੀ। ਇਸ ਸਨਮਾਨ ਸਮਾਰੋਹ ਮੌਕੇ ਸਰਪੰਚ ਵਿਨੈ ਕੁਮਾਰ, ਭਾਜਪਾ ਆਗੂ ਮੁਕੇਸ਼ ਦਾਦਰਾ, , ਵਿਨੋਦ ਕੁਮਾਰ ਟੋਨੂੰ ਕਾਲੜਾ, ਅਕਾਲੀ ਆਗੂ ਤੇ ਮੈਂਬਰ ਪੰਚਾਇਤ ਕੁਲਦੀਪ ਸਿੰਘ ਜੌਹਲ,ਸਰਪੰਚ ਸਿਮਰਜੀਤ ਕੌਰ ਸਹੋਤਾ ਚੱਕ ਸਾਹਬੂ ਦੇ ਲਾਡਲੇ ਸਪੁੱਤਰ ਬਲਕਾਰ ਸਿੰਘ ਸਹੋਤਾ ਅੱਪਰਾ ਸਵੀਟਸ, ਪੰਚ ਮੋਹਣ ਲਾਲ, ਪੰਚ ਰੂਪ ਲਾਲ, ਤਿਲਕ ਰਾਜ ਸਿੰਘ ਖਾਲਸਾ, ਹਰਬੰਸ ਲਾਲ ਮਣਸਾ ਪੰਚ, ਗੁਰਦੀਪ ਸਿੰਘ ਕਾਲਾ ਲਵਲੀ, ਗੁਰਦੀਪ ਸਿੰਘ ਗੁਲਾਟੀ, ਸੁਭਾਸ਼ ਕੁਮਾਰ ਭਾਸ਼ਾ, ਜਸਵੰਤ ਰਾਏ ਮੈਨੇਜਰ, ਰਾਜੇਸ਼ ਕੁਮਾਰ ਜੌਹਨੀ, ਪਰਮਜੀਤ ਕੌਰ ਮੈਂਬਰ ਪੰਚਾਇਤ, ਸੀਮਾ ਰਾਣੀ, ਨੀਲਮ ਰਾਣੀ, ਕਾਜਲ ਆਰੋੜਾ, ਹਰਜੀਤ ਸਿੱਧੂ, ਪਰਮਜੀਤ ਕਾਲਾ ਵਿਰਕ, ਲਖਨਜੀਤ ਦਾਦਰਾ, ਅਤੇ ਪੰਕਜ ਉੱਪਲ ਆਦਿ ਹਾਜ਼ਰ ਸਨ।

# ਦਰਬਾਰ ਹਜ਼ਰਤ ਪੀਰ ਬਾਬਾ ਆਸਾ ਰੂੜਾ ਜੀ ਦੇ ਅਸਥਾਨ 'ਤੇ ਉਰਸ ਮੁਬਾਰਕ ਮਨਾਇਆ



**ਫਿਲੌਰ/ਅੱਪਰਾ (ਦੀਪਾ)-** ਹਰ ਸਾਲ ਦੀ ਤਰਾਂ ਇਸ ਸਾਲ ਵੀ ਦਰਬਾਰ ਹਜ਼ਰਤ ਪੀਰ ਬਾਬਾ ਆਸਾ ਰੂੜਾ ਜੀ ਦੇ ਅਸਥਾਨ 'ਤੇ (ਬੀ. ਐੱਮ. ਸੀ ਚੌਂਕ ਅੱਪਰਾ) ਮੁੱਖ ਸੇਵਾਦਾਰ ਸਾਂਈ ਅਤਾਉੱਲਾ ਕਾਦਰੀ ਉਰਫ ਮੋਤੀ ਸਾਂਈ ਦੀ ਅਗਵਾਈ ਹੇਠ ਸਲਾਨਾ ਉਰਸ ਮੁਬਾਰਕ ਐੱਨ. ਆਰ. ਆਈ ਵੀਰਾਂ, ਗ੍ਰਾਮ ਪੰਚਾਇਤ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ । ਇਸ ਮੌਕੇ 24 ਜੂਨ ਦਿਨ ਮੰਗਲਾਵਰ ਨੂੰ ਰਾਤ ਦੇ ਸਮੇਂ ਮਹਿੰਦੀ ਦੀ ਰਸਮ ਨਿਭਾਈ ਗਈ । ਮੇਲੇ ਦੇ ਦੂਸਰੇ ਦਿਨ ਸਵੇਰੇ 10 ਵਜੇ ਚਾਦਰ ਤੇ ਝੰਡੇ ਦੀ ਰਸਮ ਨਿਭਾਈ ਗਈ । ਮਹਿਫ਼ਿਲ ਦਾ ਸ਼ਾਮ 7 ਸ਼ੁਰੂ ਹੋਈ । ਇਸ ਮੌਕੇ ਪੰਜਾਬੀ ਗਾਇਕ ਮਾਸ਼ਾ ਅਲੀ, ਇਸ਼ਰਤ ਗੁਲਾਮ ਅਲੀ, ਨਵੀ ਰਾਜਪੁਰੀਆ ਤੇ ਸੁੱਚਾ ਸਬਰੀ ਨੇ ਆਪਣਾ ਪ੍ਰੋਗਰਾਮ ਪੇਸ਼ ਕੀਤਾ । ਸਟੇਜ ਸਕੱਤਰ ਦੀ ਜਿੰਮੇਵਾਰੀ ਦੀਪਾ ਮੀਓਵਾਲ ਨੇ ਨਿਭਾਈ । ਇਸ ਮੌਕੇ ਮੁੱਖ ਸੇਵਾਦਾਰ ਸਾਂਈ ਅਤਾਉੱਲਾ ਕਾਦਰੀ ਉਰਫ ਮੋਤੀ ਸਾਂਈ ਦੀ ਅਗਵਾਈ ਹੇਠ ਗਾਇਕਾਂ, ਦਾਨੀ ਸੱਜਣਾਂ ਤੇ ਮੋਹਤਬਰਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਅਤੁੱਟ ਲੰਗਰ ਵੀ ਵਰਤਾਏ ਗਏ ।

for more news visit:
www.samajweekly.com

# ਸ਼੍ਰੀ ਕੀਰਤਨ ਸੇਵਾ ਸੁਸਾਇਟੀ ਵੱਲੋਂ ਨਿਸ਼ਕਾਮ ਰੂਪ 'ਚ ਬੇਸਹਾਰਾ ਇਸਤਰੀਆਂ ਨੂੰ ਵੰਡੀਆਂ ਗਈਆਂ ਰਾਸ਼ਨ ਦੀਆਂ ਕਿੱਟਾਂ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮੁਨੱਖੀ ਸੇਵਾ ਕਾਰਜਾਂ ਨੂੰ ਸਮਰਪਿਤ ਸੰਸਥਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਦੇ ਵੱਲੋਂ ਅੱਜ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਸਥਿਤ ਆਪਣੇ ਦਫਤਰ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਹੋਇਆਂ ਬੇਸਹਾਰਾ ਇਸਤਰੀਆਂ ਦੀ ਮੱਦਦ ਕਰਨਾ ਹਿੱਤ ਉਨ੍ਹਾਂ ਨੂੰ ਸੁਸਾਇਟੀ ਦੇ ਵੱਲੋਂ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਗਈਆਂ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ ਤੇ ਮੁੱਖ ਸੇਵਾਦ-ਾਰ ਸ੍ਰ: ਪ੍ਰੇਮ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਕਿ ਗੁਰੂ ਸਹਿਬਾਨ ਵੱਲੋਂ ਬਖਸ਼ੇ ਸੇਵਾ ਸੰਕਲਪ ਤੇ ਪਹਿਰਾ ਦੇ ਕੇ ਮੁਨੱਖਤਾ ਦੀ ਸੇਵਾ ਕਰਨਾ ਸਭ ਤੋਂ ਉੱਤਮ ਸੇਵਾ ਹੈ। ਇਸੇ ਸੇਵਾ ਮਿਸ਼ਨ ਤੇ ਚੱਲਦਿਆਂ ਸਤਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ ਸ਼੍ਰੀ ਕੀਰਤਨ ਸੇਵਾ ਸੁਸਾਇਟੀ (ਰਜਿ:) ਪਿਛਲੇ ਕਈ ਸਾਲਾਂ ਤੋਂ ਨਿਸ਼ਕਾਮ ਰੂਪ ਵਿੱਚ ਮੁਨੱਖੀ ਭਲਾਈ ਕਾਰਜਾਂ ਵਿੱਚ ਜੁੱਟੀ ਹੋਈ ਹੈ। ਜਿਸ ਦੇ ਅੰਤਰਗਤ ਸੁਸਾਇਟੀ ਵੱਲੋਂ ਜਿੱਥੇ ਲੋਕਾਂ ਨੂੰ ਫਰੀ ਮੈਡੀਕਲ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ, ਅੱਖਾਂ ਦੇ ਫਰੀ ਚੈਕਅੱਪ ਕੈਪ ਮਰੀਜ਼ਾਂ ਲਈ ਲਗਾਏ ਜਾਂਦੇ ਹਨ ਅਤੇ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਹਿੱਤ ਉਨ੍ਹਾਂ ਨੂੰ ਸੁਸਾਇਟੀ ਵੱਲੋਂ ਹਰ ਮਹੀਨੇ ਨਿਸ਼ਕਾਮ ਰੂਪ ਵਿੱਚ ਰਾਸ਼ਨ ਵੀ ਵੰਡਿਆ ਜਾਂਦਾ ਹੈ। ਇਸ ਤੋਂ ਇਲ-ਾਵਾ ਸੁਸਾਇਟੀ ਵੱਲੋਂ ਲੁਧਿਆਣਾ ਸ਼ਹਿਰ ਵਿਖੇ ਲੜਕੀਆਂ ਨੂੰ ਸਿਲਾਈ ਕਢਾਈ ਦੀ ਸਿਖਲਾਈ ਦੇਣ ਲਈ ਦੋ ਸਿਲਾਈ ਸੈਂਟਰ ਵੀ ਚਲਾਏ ਜਾ ਰਹੇ ਹਨ। ਇਸ ਮੌਕੇ ਸੁਸਾਇਟੀ ਦੀ ਰਾਸ਼ਨ ਵੰਡ ਇੰਚਾਰਜ ਬੀਬੀ ਬਲਦੇਵ ਕੌਰ ਤੇ ਸ੍ਰ: ਸੁਰਿੰਦਰ ਸਿੰਘ ਨੇ ਦੱਸਿਆ ਕਿ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਨ ਦੇ ਮਨੋਰਥ ਨਾਲ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੀ ਸੇਵਾ ਨੂੰ ਨਿਰੰਤਰ ਜਾਰੀ ਰੱਖਣ ਲਈ ਸੁਸਾਇਟੀ ਦੇ ਸਮੂਹ ਮੈਂਬਰਾਂ ਵੱਲੋਂ ਆਪਣਾ ਬਣਦਾ ਯੋਗਦਾਨ ਸੇਵਾ ਕਾਰਜਾਂ ਵਿੱਚ ਪਾਇਆ ਜਾ ਰਿਹਾ ਹੈ। ਅੱਜ ਅਸੀਂ 40 ਦੇ ਕਰੀਬ ਲੋੜਵੰਦ ਵਿਧਵਾਵਾਂ ਦੀ ਮੱਦਦ ਕਰਦਿਆਂ ਉਨ੍ਹਾਂ ਨੂੰ ਨਿਸ਼ਕਾਮ ਰੂਪ ਵਿੱਚ ਰਾਸ਼ਨ ਦੀਆਂ ਕਿੱਟਾਂ ਤਕਸੀਮ ਕੀਤੀਆਂ ਹਨ। ਇਸ ਸਮੇਂ ਸੁਸਾਇਟੀ ਦੇ ਸਰਪ੍ਰਸਤ ਮਾਸਟਰ ਤਰਲੋਚਨ ਸਿੰਘ, ਸ੍ਰ: ਪ੍ਰੇਮ ਸਿੰਘ ਮੁੱਖ ਸੇਵਾਦਾਰ, ਮਨਪ੍ਰੀਤ ਸਿੰਘ, ਰਮਨਜੋਤ ਸਿੰਘ ਸੋਨੂੰ, ਰਮਨਦੀਪ ਸਿੰਘ, ਪਵਨਪ੍ਰੀਤ ਸਿੰਘ, ਗੁਰਿੰਦਰ ਸਿੰਘ ਦੀਪ, ਮਨਿੰਦਰ ਸਿੰਘ, ਸਰਗੁਨਪ੍ਰੀਤ ਕੌਰ ਆਦਿ ਹਾਜ਼ਰ ਸਨ।

# ਵਿਦਿਆਰਥੀ

ਅਸੀਂ ਹੈ ਅੱਜ ਸਕੂਲੇ ਜਾਣਾ ਖੁਸ਼ ਹੋ ਕੇ ।
ਮਿਲੂ ਹਾਣ ਨੂੰ ਹਾਣ ਪੁਰਾਣਾ ਖੁਸ਼ ਹੋ ਕੇ।
ਕੁੱਝ ਘੰਟੇ ਮਾਵਾਂ ਨੂੰ ਸੁਖ ਦਾ ਸਾਹ ਆਊ;
ਮੰਨਣਾ ਪਊ ਗੁਰੂ ਦਾ ਭਾਣਾ ਖੁਸ਼ ਹੋ ਕੇ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

# ਕੁੜੀਏ ਨੀ ਸ਼ਹਿਰ ਦੀਏ

ਪਿੰਜਰੇ 'ਚ ਪਾ ਕੇ ਮੇਰੀ ਖੋਹੀ ਤੂੰ ਉਡਾਣ ਨੀ ।
ਤੇਰੇ ਸ਼ਹਿਰ ਆ ਕੇ ਸਾਡੀ ਗੁੰਮ 'ਗੀ ਪਛਾਣ ਨੀ।
ਕੁੜੀਏ ਨੀ ਸ਼ਹਿਰ ਦੀਏ ----------------
ਸਾਡਿਆਂ ਪਿੰਡਾਂ 'ਚ ਸਾਡੀ ਬੜੀ ਟੌਅਰ ਹੁੰਦੀ ਸੀ ।
ਸਾਡੀ ਹਰ ਗੱਲ ਉੱਤੇ ਡਾਢੀ ਗੌਰ ਹੁੰਦੀ ਸੀ ।
ਖੁੱਲ੍ਹੇ ਅੰਬਰਾਂ 'ਚ ਨਿੱਤ ਲਾਉਂਦੇ ਸੀ ਉਡਾਣ ਨੀ ।
ਤੇਰੇ ਸ਼ਹਿਰ ਆ ਕੇ ਸਾਡੀ ---------------
ਤੇਰੇ ਪਿਆਰ ਨੇ ਸੀ ਤੇਰੇ ਸ਼ਹਿਰ 'ਚ ਬੁਲਾ ਲਿਆ।
ਖੌਰੇ ਭੋਲ਼ੇ ਪੰਛੀਆਂ ਨੂੰ ਕੇਹਾ ਚੋਗਾ ਪਾ ਲਿਆ।
ਓਸ ਚੋਗ ਵੱਟੇ ਮੰਗੇਂ ਸਾਡੇ ਤੂੰ ਪ੍ਰਾਣ ਨੀ ।
ਤੇਰੇ ਸ਼ਹਿਰ ਆ ਕੇ ਸਾਡੀ -----------------
ਸਾਡੇ ਨਾਲ਼ ਆਪਣੀ ਲਿਹਾਜ਼ ਫਿਰੇਂ ਦੱਸਦੀ ।
ਪਰ ਸਾਡੇ ਸਾਹਵੇਂ ਰਹੇਂ ਗ਼ੈਰਾਂ ਨਾਲ਼ ਹੱਸਦੀ ।
ਜਿਹੜਿਆਂ ਲੋਕਾਂ ਦੀ ਅਸੀਂ ਜਾਈਏ ਨਾ ਮਕਾਣ ਨੀ।
ਤੇਰੇ ਸ਼ਹਿਰ ਆ ਕੇ ਸਾਡੀ ----------------
ਜੀਅ ਕਰੇ ਮੁੜ ਜਾਈਏ ਮਾਪਿਆਂ ਦੇ ਦਰ ਨੀ।
ਭੁੱਲਿਆ ਸਵੇਰ ਦਾ ਜਿਉਂ ਸ਼ਾਮੀਂ ਜਾਂਦੈ ਘਰ ਨੀ।
ਪਿੰਡ ਰੰਚਣਾਂ 'ਤੇ ਸਾਨੂੰ ਰੱਬ ਜਿੱਡਾ ਮਾਣ ਨੀ ।
ਤੇਰੇ ਸ਼ਹਿਰ ਆ ਕੇ ਸਾਡੀ -----------------




**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ**
**ਜਿਲ੍ਹਾ ਸੰਗਰੂਰ ।**
9914836037

# ਦਿਲਜੀਤ ਭਾਜੀ

ਛਾਂ ਗਿਆ ਜੀ! ਛਾਂ ਗਿਆ ਦੁਸਾਂਝਾ ਵਾਲਾ ਛਾਂ ਗਿਆ।
ਵਿਰੋਧੀਆਂ ਦੀ ਹਿੱਕ "ਤੇ ਕਾਲਾ ਨਾਗ ਲੜਾ ਗਿਆ।
ਚੰਦ ਬੰਦੇ ਦਿਲਜੀਤ ਭਾਜੀ ਦਾ ਵਿਰੋਧ ਪਏ ਨੇ ਕਰਦੇ।
ਦੇਖ ਕੇ ਚੜਾਈ ਸਾਡੇ ਵੀਰੇ ਦੀ ਦੇਖੋ ਐਵੇਂ ਪਏ ਨੇ ਸੜਦੇ।
ਸਰਦਾਰ ਜੀ 3 ਫ਼ਿਲਮ ਬਣਾਕੇ ਵਿਰੇਧੀਆ ਦੇ ਢਿੱਡੀ ਪੀੜਾਂ ਪਾ ਗਿਆ।

ਛਾਂ ਗਿਆ ਜੀ! ਛਾਂ ਗਿਆ -------------।
ਦਿਲਜੀਤ ਦੀ ਛੱਬੀ ਨੂੰ ਚੱਲ ਕੋਝੀਆਂ ਚਾਲਾਂ ਪਏ ਦਬਾਉਂਦੇ ਨੇ ।
ਦੇਖ ਦਿਨੋਂ- ਦਿਨ ਹੁੰਦੀ ਚੜਾਈ ਰਾਹ "ਚ ਰੋੜੇ ਪਏ ਵਿਛਾਉਂਦੇ ਨੇ।
ਦੁਸਾਂਝ ਵਾਲਾ ਕਿੱਥੇ ਦੱਬਦਾ ਵਿਰੋਧੀਆਂ ਨੂੰ ਮਾਤ ਪਾ ਗਿਆ,
ਛਾਂ ਗਿਆ ਜੀ ! ਛਾਂ ਗਿਆ -----------।

ਦੁਸਾਂਝਾ ਵਾਲੇ ਦੀ ਛੱਬੀ ਦੇਖੀਉ ਹੋਰ ਉੱਚੀ ਹੋਊਗੀ।
ਵਿਰੋਧੀਆਂ ਦੀ ਢਾਣੀ ਦੇਖੀ ਅੱਖਾਂ 'ਚ ਘਸੁੰਨ ਦੇ ਰੋਊਗੀ।
ਅਵਾਮ ਸਾਰਾ ਨਾਲ ਦਿਲਜੀਤ ਦੇ ਦੇਖੋ ਲਵੋ ਆ ਗਿਆ,
ਛਾਂ ਗਿਆ ਜੀ! ਛਾਂ ਗਿਆ ---------।
ਝੂਠੇ - ਮੂਠੇ ਇਲਜ਼ਾਮ ਲਾ ਕੇ ਰਾਹ ਪਏ ਨੇ ਰੋਕ ਦੇ।
ਦੁਸਾਂਝਾਂ ਵਾਲਾ ਕਿੱਥੇ ਦੱਬਦਾ ਸਭ ਰੱਖ ਦਿੱਤੇ ਠੋਕ ਕੇ।
ਦੇਖ ਲਓ ਵਿਰੋਧੀਆਂ ਦੇ ਅੱਖਾਂ ਵਿੱਚ ਲੂਣ ਪਾ ਗਿਆ,
ਛਾਂ ਗਿਆ ਜੀ
" ਟੋਨੀ " ਦੁਸਾਂਝਾਂ ਵਾਲਿਆਂ ਦਾ ਦਿਲਜੀਤ ਮਾਣ ਤੇ ਜ਼ਿੰਦ ਜਾਨ ਹੈ।
ਭਾਈ ਸਾਡਾ ਦਿਨੋਂ - ਦਿਨ ਉੱਚੀ ਕਰੀ ਜਾਂਦਾ ਸਾਡੀ ਸ਼ਾਨ ਹੈ।
ਦੁਸਾਂਝਾਂ ਵਾਲਾ ਕਿੱਥੇ ਦੱਬਦਾ ਵਿਰੋਧੀਆਂ ਨੂੰ ਸਬਕ ਸਿਖਾ ਗਿਆ,
ਛਾਂ ਗਿਆ ਜੀ! ਛਾਂ ਗਿਆ -------------।



**ਰਾਮ ਪ੍ਰਕਾਸ਼ ਟੋਨੀ**
**ਜਰਨਲ ਸਕੱਤਰ ਪੰਜਾਬੀ ਸਾਹਿਤ ਸਭਾ**
**ਪਿੰਡ, ਦੁਸਾਂਝ ਕਲਾਂ ਜ਼ਿਲ੍ਹਾ ਜਲੰਧਰ**
7696397240

# ਸਤਿਗੁਰ ਪਿਆਰਾ

ਸਤਿਗੁਰ ਪਿਆਰਾ ਮੇਰੇ ਨਾਲ ਹੈ !
ਦੁੱਖਾਂ-ਚਿੰਤਾਵਾਂ ਵਿੱਚੋਂ ਕੱਢਕੇ,ਖੜ੍ਹਦਾ ਮੇਰੇ ਨਾਲ ਹੈ।
ਮੱਧ-ਪੂਰਬ ਦੇ, ਮੂਰਖਾਂ ਦੀ ਲੜਾਈ ਵਿੱਚੋਂ,
ਬਚਾਵੇ ਮਜ਼ਬੂਰਾਂ ਨੂੰ, ਕਿਆ ਕਮਾਲ ਹੈ ?
ਮੂਰਖ ਮਦਾਰੀ ਬੈਠਾ, ਵਿੱਚ ਅਮਰੀਕਾ ਦੇ,
ਐਟਮੀ-ਪਰਮਾਣੂ ਬੰਬਾਂ ਦੀ, ਚੱਲਦਾ ਚਾਲ ਹੈ।
ਡੂੰਘੇ ਸਮੁੰਦਰਾਂ ਵਿੱਚੋਂ, ਡੁੱਬਣ ਤੋਂ ਬਚਾਵੇ,
ਉਸ ਦੀ ਮੌਜੂਦਗੀ ਦਾ, ਮੈਨੂੰ ਮਲਾਲ ਹੈ।
ਮੌਤ ਵੀ ਕਈ ਵਾਰ, ਮੋੜਾ ਕੱਟ ਗਈ ਕੋਲੋਂ ਕੋਲੋਂ,
ਨਿਮਾਣੇ ਨੂੰ ਬਖਸ਼ ਕੇ, ਖੜ੍ਹਿਆ ਸਦਾ ਨਾਲ ਹੈ।
ਸਤਿਗੁਰ ਪਿਆਰਾ ਮੇਰੇ ਨਾਲ ਹੈ..........!
ਨਿਸ਼ਚਿੰਤ ਰਹੋ, ਗੁਣਗਾਨ ਕਰੋ ਪ੍ਰਭੂ ਦਾ,
ਸਾਹਾਂ ਦੀ ਪੂੰਜੀ, ਪੂਰੀ ਹੋਣ ਤੇ, ਕਰਦਾ ਨਿਢਾਲ ਹੈ।
ਮਹਾਰਿਸ਼ੀਆਂ, ਮਹਾਂਪੁਰਖਾਂ ਦੇ ਲੜ ਲਾਉਂਦਾ, ਬੰਦਾ ਭਟਕ ਜਾਵੇ, ਕੀ ਮਜਾਲ ਹੈ।
ਹਮਸਫਰ ਵੀ,ਸਾਥ ਦੇਵੇ, ਖੁਸ਼ੀਆਂ-ਖੇੜਿਆਂ ਚ, ਲੰਘਦਾ ਸਾਲ-ਦਰ-ਸਾਲ ਹੈ।
ਮੈਂ-ਮੇਰੀ ਖਤਮ ਹੋ ਜਾਵੇ, ਜਦੋਂ ਉਹ ਹੁੰਦਾ ਨਿਹਾਲ ਹੈ।
ਜੀਵਨ-ਸਾਥਣ ਨਾਲ, ਸਮਝ ਬਣਾਉਣ ਦੀ ਸੋਝੀ ਬਖ਼ਸ਼ੇ,ਮਰਦ-ਔਰਤ ਦਾ,
ਸੁਭਾਅ ਸੁਧਾਰ ਕੇ, ਕਬੀਲਦਾਰੀ ਚਲਾਉਣ ਦੀ ਢਾਲ ਹੈ।
ਫੁੱਲਾਂ ਨਾਲ ਕੰਡਿਆਂ ਦੀ, ਕੰਧ ਬਣਾ ਕੇ , ਸੁਰੱਖਿਆ ਵਧਾ ਕੇ, ਕਰਦਾ
ਉਨ੍ਹਾਂ ਦੀ ਸੰਭਾਲ ਹੈ।
ਧੱਕੇਸ਼ਾਹੀ ਜਾਂ ਵਧੀਕੀ ਜਦੋਂ ਹੁੰਦੀ, ਕਰਦਾ ਉਸ ਅੱਗੇ ਫਰਿਆਦ ਹੈ।
ਬੰਦੇ ਨੂੰ ਭੁਲੇਖਾ ਰਹਿੰਦਾ, ਰੱਬ ਕੁਝ ਨ੍ਹੀਂ ਕਰਦਾ, ਮੁਸੀਬਤਾਂ ਚ ਫਸੇ ਨੂੰ,
ਆਉਂਦਾ ਯਾਦ ਹੈ।
ਸਤਿਗੁਰ ਪਿਆਰਾ ਤੇਰੇ ਨਾਲ ਹੈ...........!



**ਅਮਰਜੀਤ ਸਿੰਘ ਤੂਰ**
9878469639

# ਜਨਮ ਦਿਵਸ ਦੀਆਂ ਮੁਬਾਰਕਾਂ



**ਲਕਸ਼ਦੀਪ**
**ਪੁੱਤਰ ਵਿਸ਼ਵਦੀਪ**
**ਅਫ਼ਸਰ ਕਲੋਨੀ ਸੰਗਰੂਰ**

# ਮਗਨਰੇਗਾ ਮਜ਼ਦੂਰਾਂ ਦੀ ਕਨਵੈਨਸ਼ਨ 6 ਜੁਲਾਈ ਨੂੰ,ਜਲੰਧਰ ਵਿਖੇ

**ਬੰਗਾ (ਚਰਨਜੀਤ ਸੱਲ੍ਹਾਂ )** ਮਗਨਰੇਗਾ ਵਰਕਰਜ ਯੂਨੀਅਨ ਪੰਜਾਬ ਦੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਨੂਰਪੁਰ ਇਕਾਈ ਦੀ ਮੀਟਿੰਗ ਸ੍ਰੀਮਤੀ ਬਲਜੀਤ ਕੌਰ ਅਤੇ ਸੁਰਜੀਤ ਕੁਮਾਰ ਦੀ ਪ੍ਰਧਾਨਗੀ ਹੇਠ ਕਰਵਾਈ ਗਈ ਲ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਜਿਲ੍ਹਾ ਪ੍ਰਧਾਨ ਹਰਪਾਲ ਸਿੰਘ ਜਗਤਪੁਰ ਅਤੇ ਸ਼੍ਰੀ ਮੋਹਨ ਸਿੰਘ ਪੂਨੀਆਂ ਸ਼ਾਮਲ ਹੋਏ ਲਇਸ ਮੌਕੇ ਬੁਲਾਰਿਆਂ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਮਗਨਰੇਗਾ ਵਰਕਰਾਂ ਨੂੰ 700/-ਪ੍ਰਤੀ ਦਿਨ ਦੀ ਦਰ ਨਾਲ ਉਜ਼ਰਤਾਂ ਦਿੱਤੀਆਂ ਜਾਣਲਮਗਨ-ਰੇਗਾ ਮਜ਼ਦੂਰਾਂ ਦਾ ਬੀਮਾ ਕੀਤਾ ਜਾਵੇਲ ਮਜ਼ਦੂਰਾਂ ਨੂੰ ਦਿਹਾਤੀ ਖੇਤਰ ਵਿੱਚ ਪੰਜ - ਪੰਜ ਮਰਲੇ ਦੇ ਪਲਾਟ ਮੁਫ਼ਤ ਦਿੱਤੇ ਜਾਣ ਲਮਜ਼ਦੂਰਾਂ ਦੇ ਪਰਿਵਾਰਾਂ ਨੂੰ ਮੁਫ਼ਤ ਤੇ ਮਿਆਰੀ ਸਿਹਤ ਸਹੂਲਤਾਂ ਅਤੇ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ ਲ ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਕੰਮ ਦਿੱਤਾ



ਜਾਵੇਲ ਮਜ਼ਦੂਰਾਂ ਦੇ ਹਰੇਕ ਕਿਸਮ ਦੇ ਸ਼ੋਸ਼ਣ ਰੋਕਣ ਲਈ ਸੰਜੀਦਾ ਯਤਨ ਕੀਤੇ ਜਾਣ । ਹਰੇਕ ਕਿਸਮ ਦੀ ਰਾਜਸੀ ਦਖਲ ਅੰਦਾਜੀ ਬੰਦ ਕੀਤੀ ਜਾਵੇਲ ਮਜ਼ਦੂਰਾਂ ਦੇ ਸਹਿਕਾਰੀ ਬੈਂਕਾਂ ਤੇ ਕੋ - ਅਪਰੇਟਿਵ ਬੈਂਕਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣ। ਮਜ਼ਦੂਰਾਂ ਨੂੰ ਬੈਂਕਾਂ ਵੱਲੋਂ ਭੇਜੇ ਗਏ ਕਰਜ਼ਾ ਨੋਟਿਸਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਦਿਹਾਤੀ ਮਜ਼ਦੂਰਾਂ ਦੇ ਕਰਜ਼ੇ ਤੁਰੰਤ ਮੁਆਫ਼ ਕੀਤੇ ਜਾਣ। ਇਸ ਮੌਕੇ ਤੇ ਕੇਂਦਰ ਸਰਕਾਰ ਵੱਲੋਂ ਭਾਰਤ ਦੇ ਸੰਵਿਧਾਨ ਦੇ ਪ੍ਰਮੁੱਖ ਉਦੇਸ਼ਾਂ ਨੂੰ ਜਬਰੀ ਹਟਾਉਣ ਦੀ ਵੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਤੇ ਇਸ ਨੂੰ ਸੰਵਿਧਾਨ ਉੱਤੇ ਕੋਝਾ ਹਮਲਾ ਮੰਨਦਿਆਂ ਦੇਸ਼ ਪੱਧਰੀ ਵਿਰੋਧ ਕਰਨ ਦਾ ਹੋਕਾ ਦਿੱਤਾ ਗਿਆਲ ਇਸ ਮੌਕੇ ਹੋਰਨਾਂ ਤੋਂ ਇਲ-ਾਵਾ ਸ਼੍ਰੀਮਤੀ ਮੀਨਾ ਕੁਮਾਰੀ, ਸ਼੍ਰੀਮਤੀ ਨੇਹਾ,ਸ਼੍ਰੀ ਮਹਿੰਦਰ ਪਾਲ, ਸ਼੍ਰੀ ਜਿੰਦਰ ਪਾਲ,ਸ਼੍ਰੀ ਦੇਸ ਰਾਜ, ਸ਼੍ਰੀ, ਅਸ਼ਨੀ ਕੁਮਾਰ,ਸ਼੍ਰੀ ਅਮਰਜੀਤ, ਸ਼੍ਰੀਮਤੀ ਮਨਦੀਪ ਕੌਰ, ਸ਼੍ਰੀ ਬਿੱਕਰ ਰਾਮ,ਸ਼੍ਰੀ ਨਿਰਮਲ ਰਾਮ, ਸ਼੍ਰੀ ਜੀਤ ਰਾਮ, ਸ਼੍ਰੀਮਤੀ ਮਿੰਦੋ, ਸ਼੍ਰੀਮਤੀ ਕੁਲਵਿੰਦਰ ਕੌਰ ਹਾਜ਼ਰ ਸਨਲਇਸ ਮੀਟਿੰਗ ਨੂੰ

ਜਿਲ੍ਹ ਪ੍ਰਧਾਨ ਹਰਪਾਲ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਗਨਰੇਗਾ ਕਾਮਿਆਂ ਦੀਆਂ ਮੰਗਾਂ ਤੇ ਵਿਚਾਰ ਚਰਚਾ ਕਰਨ ਲਈ 6 ਜੁਲਾਈ 2025 ਨੂੰ ਜਲੰਧਰ ਵਿਖੇ ਕਰਵਾਈ ਜਾ ਕਨਵੈਨਸ਼ਨ ਵਿੱਚ ਵੱਡੀ ਗਿਣਤੀ ਵਿੱਚ ਵਰਕਰਾਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ।

# ਸ਼ਹੀਦ ਊਧਮ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ



**ਗੜ੍ਹਸ਼ੰਕਰ (ਬਲਵੀਰ ਚੌਂਪੜਾ)** ਪਿੰਡ ਕਾਲੇਵਾਲ ਬੀਤ ਦੇ ਗੁਰਦੁਆਰਾ ਸਿੰਘ ਸਭਾ ਨਜ਼ਦੀਕ ਸ਼ਹੀਦ ਉਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਸਵੈ ਇੱਛਕ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਚ ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ। ਕਾਲੇਵਾਲ ਦੇ ਸਮੂਹ ਵਾਸੀਆਂ ਵਲੋਂ ਬੀਡੀਸੀ ਬਲੱਡ ਸੈਂਟਰ ਨਵਾਂਸ਼ਹਿਰ ਦੇ ਤਕਨੀਕੀ ਸਹਿਯੋਗ ਨਾਲ ਲਗਾਏ ਇਸ ਕੈਂਪ ਦਾ ਉਦਘਾਟਨ ਬੀਤ ਭਲਾਈ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਉਘੇ ਸਮਾਜ ਸੇਵੀ ਸੰਦੀਪ ਰਾਣਾ ਸੋਨੂੰ ਨੇ ਕੀਤਾ। ਇਸ ਮੌਕੇ ਉਨ੍ਹਾਂ ਨੇ ਸਮੂਹ ਨੌਜਵਾਨਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹਨਾਂ ਵਲੋਂ ਦਿੱਤਾ ਗਏ ਖ਼ੂਨ ਦਾ ਇੱਕ ਇੱਕ ਕਤਰਾ ਕਿਸੇ ਲੋੜਵੰਦ ਦੀ ਜ਼ਿੰਦਗੀ ਚ ਜਾਨ ਪਾ ਸਕਦਾ ਹੈ। ਇਸ ਲਈ ਸਾਨੂੰ ਖ਼ੂਨਦਾਨ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਕੈਂਪ ਚ 75 ਯੂਨਿਟ ਖ਼ੂਨਦਾਨ ਇੱਕਤਰ ਹੋਇਆ। ਇਸ ਕੈਂਪ ਚ ਡਾ ਜਸਵੀਰ ਸਿੰਘ, ਮੋਟੀਵੇਟਰ ਭੁਪਿੰਦਰ ਰਾਣਾ, ਅਸ਼ੋਕ ਰਾਣਾ, ਪਰਮਜੀਤ ਸਿੰਘ ਦਿਆਲ, ਗੁਰਮੁੱਖ ਸਿੰਘ, ਮਨਜਿੰਦਰ ਮੀਨਾ, ਰਮਨਦੀਪ ਰਮੀ, ਅਜੇ, ਮੋਹਿਤ, ਸੌਰਵ, ਮਨੋਜ, ਰਿਸ਼ੀ, ਮਨੋਹਰ ਰਾਣਾ, ਦੀਪਕ, ਰਾਜੀਵ ਭਾਰਦਵਾਜ ਤੋਂ ਇਲਾਵਾ ਵੱਡੀ ਗਿਣਤੀ ਚ ਖ਼ੂਨਦਾਨੀ ਹਾਜ਼ਰ ਸਨ।

for more news visit:
www.samajweekly.com

# ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਬਿਆਸ ਦਰਿਆ ਦੇ ਕੰਢੇ ਵਸੇ ਪਿੰਡਾਂ ਦਾ ਕੀਤਾ ਦੌਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮਾਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਸੰਭਾਵੀ ਹੜ੍ਹਾਂ ਦੇ ਖ਼ਤਰੇ ਨੂੰ ਧਿਆਨ ਵਿਚ ਰੱਖਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਐਸ.ਡੀ.ਐਮ ਮੁਕੇਰੀਆਂ ਕਮਲਜੀਤ ਸਿੰਘ ਅਤੇ ਡਰੇਨੇਜ ਵਿਭਾਗ ਦੇ ਐਸ.ਡੀ.ਓ ਸੁਖਪ੍ਰੀਤ ਸਿੰਘ ਦੇ ਨਾਲ ਬਿਆਸ ਦਰਿਆ ਦੇ ਕੰਢੇ ਸਥਿਤ ਪਿੰਡਾਂ ਨੌਸ਼ਹਿਰਾ ਪੱਤਣ, ਹੁਸ਼ਿਆਰਪੁਰ ਕਲੋਤਾ ਅਤੇ ਮਹਿਤਾਬਪੁਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਸੰਭਾਵੀ ਹੜ੍ਹਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਅਤੇ ਗੰਭੀਰ ਹੈ। ਡਿਪਟੀ



ਕਮਿਸ਼ਨਰ ਨੇ ਕਿਹਾ ਕਿ ਪਹਿਲਾਂ ਆਏ ਹੜ੍ਹਾਂ ਕਾਰਨ ਹੋਏ ਭਾਰੀ ਨੁਕਸਾਨ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਨੇ ਪਹਿਲਾਂ ਹੀ 1.20 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ, ਜਿਸ ਵਿਚੋਂ ਬਿਆਸ ਦਰਿਆ ਦੇ ਕੰਢਿਆਂ 'ਤੇ ਸੁਰੱਖਿਆ ਲਈ ਸਟੱਡ (ਰੱਖਿਅਕ ਬੰਨ੍ਹ) ਬਣਾਏ ਗਏ ਹਨ ਅਤੇ ਸਬੰਧਤ ਕੰਮ ਮੁਕੰਮਲ ਕਰ ਲਿਆ ਗਿਆ ਹੈ। ਪਿੰਡ ਵਾਸੀਆਂ ਦੀ ਮੰਗ 'ਤੇ, ਲੱਗਭਗ 1.5 ਕਰੋੜ ਰੁਪਏ ਦੀ ਵਾਧੂ ਰਾਸ਼ੀ ਵੀ ਜਲਦੀ ਜਾਰੀ ਕੀਤੀ ਜਾਵੇਗੀ ਤਾਂ ਜੋ ਬਾਕੀ ਇਲਾਕਿਆਂ ਵਿਚ ਵੀ ਸਟੱਡ ਨਿਰਮਾਣ ਸੰਭਵ ਹੋ ਸਕੇ ਅਤੇ ਪਿੰਡਾਂ ਅਤੇ ਖੇਤੀਬਾੜੀ ਵਾਲੀ ਜ਼ਮੀਨ ਨੂੰ ਹੜ੍ਹ ਦੇ ਪਾਣੀ ਤੋਂ ਬਚਾਇਆ ਜਾ ਸਕੇ। ਇਸ ਮੌਕੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਤੁਰੰਤ ਕਾਰਵਾਈ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ। ਕਿਸਾਨਾਂ ਨੇ ਖਾਸ ਤੌਰ 'ਤੇ ਸਰਕਾਰ ਵੱਲੋਂ ਖੇਤਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਅਤੇ ਨਹਿਰੀ ਪਾਣੀ ਮੁਹੱਈਆ ਕਰਵਾਉਣ ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸਰਪੰਚ ਜਸਵਿੰਦਰ ਸਿੰਘ, ਨੰਬਰਦਾਰ ਬਲਜੀਤ ਸਿੰਘ, ਬਾਬਾ ਮਲਕੀਤ ਸਿੰਘ, ਨੰਬਰਦਾਰ ਅਵਤਾਰ ਸਿੰਘ, ਰਵਿੰਦਰ ਸਿੰਘ ਰੰਮੀ, ਕੁਲਜੀਤ ਸਿੰਘ, ਤਰਸੇਮ ਸਿੰਘ, ਕਿਸਾਨ ਆਗੂ ਅਤੇ ਹੋਰ ਪਿੰਡ ਵਾਸੀ ਮੌਜੂਦ ਸਨ।

# ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਿਪਾ ਨਾਲ ਮਿਸ਼ਨਰੀ ਗਾਇਕ ਰਾਜ ਦਦਰਾਲ ਕਨੇਡਾ ਪਹੁੰਚਿਆ

**ਬੰਗਾ (ਚਰਨਜੀਤ ਸੱਲ੍ਹਾਂ )** ਧੰਨ-ਧੰਨ ਸਤਿਗੁਰੂ ਜਗਤਗੁਰੂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਅਸ਼ੀਰਵਾਦ ਸਦਕਾ ਬਹੁਤ ਹੀ ਸਤਿਕਾਰ ਯੋਗ ਪ੍ਰਸਿੱਧ ਪਰਮੋਟਰ ਸ਼੍ਰੀ ਬਿੱਲ ਬਸਰਾ ਛਓਨਓਦਓ ਜੀ ਅਤੇ ਬਲਦੀਸ਼ ਬਸਰਾ ਕਨੇਡਾ ਜੀ ਦੀ



ਬਦੌਲਤ ਅੱਜ ਤੁਹਾਡਾ ਆਪਣਾ ਗਾਇਕ ਰਾਜ ਦਦਰਾਲ ਸ਼੍ਰੀ ਮਤੀ ਜਸਵਿੰਦਰ ਕੌਰ ਅਤੇ ਪਿਆਰਾ ਵੀਰ ਗਾਇਕ ਹਰਦੀਪ ਬੱਲ ਪਹੁੰਚਿਆ ਕਨੇਡਾ ਦਿਲ ਦੀਆਂ ਗਹਿਰਾਈਆਂ ਤੋ ਬਸਰਾ ਪਰਿਵਾਰ ਦਾ ਬਹੁਤ-ਬਹੁਤ ਹੈ ਜੀ ਗੁਰੂ ਸਾਹਿਬ ਇੰਨਾ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖਣ।

# ਕਾਰਜਕਾਰਨੀ ਦੀ ਮੀਟਿੰਗ ਵਿੱਚ ਕਈ ਮੁੱਦਿਆਂ ਤੇ ਹੋਈ ਵਿਚਾਰ ਚਰਚਾ

**ਬਰਨਾਲਾ** । ਬੀਤੇ ਦਿਨੀਂ ਲੇਖਕ ਪਾਠਕ ਸਾਹਿਤ ਸਭਾ (ਰਜਿ.) ਬਰਨਾਲਾ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੰਸਥਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਦੀ ਪ੍ਰਧਾਨਗੀ ਹੇਠ ਸਥਾਨਕ ਸਵ. ਮਾਤਾ ਮਨਜੀਤ ਕੌਰ ਯਾਦਗਾਰੀ ਲਾਇਬ੍ਰੇਰੀ ਵਿਖੇ ਹੋਈ। ਜਿਸ ਵਿਚ ਸਭਾ ਵੱਲੋਂ ਪਹਿਲਾਂ ਹੀ ਮਿੱਥੇ ਸਮਾਗਮ ਦੀਆਂ ਮਿਤੀਆਂ ਅਨੁਸਾਰ 6 ਜੁਲਾਈ ਨੂੰ ਹੋਣ ਵਾਲੇ ਸਮਾਗਮ ਦੀ ਰੂਪ ਰੇਖਾ ਤਿਆਰ ਕੀਤੀ ਗਈ ਜਿਸ ਵਿੱਚ ਕਵੀ ਦਰਬਾਰ ਦੇ ਆਯੋਜਨ ਦੇ ਨਾਲ ਮਾਲਵਿੰਦਰ ਸ਼ਾਇਰ ਦੇ ਗ਼ਜ਼ਲ ਸੰਗ੍ਰਹਿ ਧੁਰੋਂ ਉਪਰ ਗੋਸ਼ਟੀ ਕਰਵਾਉਣ ਦਾ ਫੈਸਲਾ ਕੀਤਾ ਗਿਆ। ਸਭਾ ਦੀ ਉੱਨਤੀ ਲਈ ਆਏ ਸੁਝਾਵਾਂ ਤੇ ਵਿਚਾਰ ਚਰਚਾ ਅਤੇ ਹੋਰ ਕਈ ਮੁੱਦਿਆਂ ਨੂੰ ਵਿਚਾਰਿਆ ਗਿਆ। ਯਾਦ ਰਹੇ ਕਿ ਸਭਾ ਵਲੋਂ ਹਰ ਸਾਲ ਦੇ ਕਰਵਾਏ ਜਾਣ ਵਾਲੇ ਸਮਾਗਮਾਂ ਸਬੰਧੀ ਸਾਲ ਦੇ ਸ਼ੁਰੂ ਤੋਂ ਹੀ ਸਮਾਗਮਾਂ ਦੀਆਂ ਮਿਤੀਆਂ ਦੀ ਘੋਸ਼ਣਾ ਕਰ ਦਿੱਤੀ ਜਾਂਦੀ ਹੈ।



ਹੁਣ ਇਹ ਸਮਾਗਮ 6 ਜੁਲਾਈ ਐਤਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਵਿਖੇ ਸਵੇਰੇ ਸਹੀ 9-30 ਵਜੇ ਕਰਵਾਇਆ ਜਾਵੇਗਾ। ਇਸ ਇਕੱਤਰਤਾ ਵਿਚ ਕਾਰਜਕਾਰਨੀ ਦੇ ਪਾਲ ਸਿੰਘ ਲਹਿਰੀ, ਪ੍ਰੋ. ਚਤਿੰਦਰ ਸਿੰਘ ਰੁਪਾਲ, ਲੇਖਕ ਮਾਲਵਿੰਦਰ ਸ਼ਾਇਰ, ਡਾਕਟਰ ਅਮਨਦੀਪ ਸਿੰਘ ਟੱਲੇਵਾਲੀਆ, ਜੈਸਮੀਨ ਕੌਰ, ਸਿਮਰਜੀਤ ਕੌਰ ਬਰਾੜ ਅਤੇ ਮਨਦੀਪ ਕੁਮਾਰ ਹਾਜਰ ਸਨ।

# ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਮਾਮਲੇ ਵਿੱਚ ਬਸਪਾ ਦੇ ਆਗੂ ਐਸ ਡੀ ਐਮ ਨੂੰ ਮਿਲੇ

**ਫਗਵਾੜਾ (ਚਰਨਜੀਤ ਸੱਲ੍ਹਾਂ )** ਅੱਜ ਬਹੁਜਨ ਸਮਾਜ ਪਾਰਟੀ ਦਾ ਇਕ ਵਫਦ ਪੋਸਟ ਮੈਟ੍ਰਿਕ ਸਕਲੋਰਸ਼ਿਪ ਦੇ ਮਾਮਲੇ ਵਿਚ ਸ਼ਧੰ ਫਗਵਾੜਾ ਨੂੰ ਮਿਲਿਆ ਜਿਸ ਦੀ ਅਗਵਾਈ ਐਡਵੋਕੇਟ ਬਲਵਿੰਦਰ ਕੁਮਾਰ (ਜਨਰਲ ਸੈਕਟਰੀ ਪੰਜਾਬ ), ਮਾਸਟਰ ਹਰਭਜਨ ਬਾਲਾਲੋ (ਜਨਰਲ ਸੈਕਟਰੀ ਪੰਜਾਬ ) ਅਰੁਣ ਸੁਮਨ (ਸਾਬਕਾ ਪ੍ਰਧਾਨ ਯੂਥ ਵਿੰਗ ਬਸਪਾ ) ਜੀ ਨੇ ਕੀਤੀ! ਅਗਰ ਇਸ ਮਾਮਲੇ ਦਾ ਹਲ ਨਾ ਨਿਕਲਿਆ ਤਾ ਬਸਪਾ ਪੰਜਾਬ ਸੰਬਲੋਂ ਮੁਹਿੰਮ ਤਹਿਤ ਅਗਲਾ ਪ੍ਰੋਗਰਾਮ ਉਲਕੇਗੀ ਜਿਸ ਦਾ ਜਿੰਮੇਵਾਰ ਪ੍ਰਸ਼ਾਸਨ ਤੇ ਸਰਕਾਰ ਹੋਵੇਗੀ! ਜਿਸ ਲਈ ਬਸਪਾ ਵਰਕਰ ਅਤੇ ਪੜ੍ਹਾਈ ਕਰ ਰਹੇ ਸਟੂਡੈਂਟਸ ਤਿਆਰ ਰਹਿਣ।



# ਨੌਵੀਂ ਜਮਾਤ ਦੀ ਵਿਦਿਆਰਥਣ ਅਗਮ ਪ੍ਰੀਤ ਕੌਰ ਦੀ ਪਹਿਲੀ ਕਿਤਾਬ "ਦੁਸ਼ਮਣਾਂ ਅਤੇ ਮਿੱਤਰਾਂ ਤੋਂ ਵੱਧ" ਲਾਂਚ ਕੀਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**
ਸੱਭਿਆਚਾਰ ਸੰਭਾਲ ਸੋਸਾਇਟੀ ਦੇ ਸ਼ਿਸ਼ਟਾਚਾਰ ਨਾਲ, ਪੰਜਾਬ ਦੀ ਸਭ ਤੋਂ ਛੋਟੀ ਉਮਰ ਦੀ ਲੇਖਿਕਾ, 15 ਸਾਲਾ ਅਗਮ ਪ੍ਰੀਤ ਕੌਰ, ਜੋ ਕਿ ਨੌਵੀਂ ਜਮਾਤ ਦੀ ਵਿਦਿਆਰਥਣ ਹੈ, ਦੁਆਰਾ ਲਿਖੀ ਗਈ ਕਿਤਾਬ 'ਦੁਸ਼ਮਣਾਂ ਅਤੇ ਮਿੱਤਰਾਂ ਤੋਂ ਵੱਧ' ਅੱਜ ਲਾਂਚ ਕੀਤੀ ਗਈ। ਪ੍ਰੋਗਰਾਮ ਵਿੱਚ, ਲਿਖਣ ਨਾਲ ਜੁੜੇ ਬੁੱਧੀਜੀਵੀਆਂ ਨੇ ਸਭ ਤੋਂ ਛੋਟੀ ਉਮਰ ਦੀ ਲੇਖਿਕਾ ਅਗਮ ਪ੍ਰੀਤ ਕੌਰ ਨੂੰ ਉਸਦੀ ਪਹਿਲੀ ਕਿਤਾਬ ਦੇ ਰਿਲੀਜ਼ ਹੋਣ 'ਤੇ ਵਧਾਈ ਦਿੱਤੀ।

ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਕਿਹਾ ਕਿ ਲਿਖਣਾ ਇੱਕ ਬਹੁਤ ਹੀ ਪ੍ਰਤਿਭਾਸ਼ਾਲੀ ਕਲਾ ਹੈ ਅਤੇ ਜਦੋਂ ਇੰਨੀ ਛੋਟੀ ਉਮਰ ਦੀ ਕੁੜੀ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਸੋਚ-ਸਮਝ ਕੇ ਆਪਣੇ ਸ਼ਬਦਾਂ ਵਿੱਚ ਬਿਆਨ ਕਰਦੀ ਹੈ, ਤਾਂ ਉਹ ਕਿਤਾਬ ਸਿਰਫ਼ ਇੱਕ ਕਿਤਾਬ ਨਹੀਂ ਰਹਿੰਦੀ ਸਗੋਂ ਗਿਆਨ ਦਾ ਭੰਡਾਰ ਬਣ ਜਾਂਦੀ ਹੈ ਕਿਉਂਕਿ ਇਸ ਵਿੱਚ ਲਿਖਿਆ ਹਰ ਸ਼ਬਦ ਇੱਕ ਪਵਿੱਤਰ ਆਤਮਾ ਦੁਆਰਾ ਆਪਣੀ ਕਲਮ ਨਾਲ ਲਿਖਿਆ ਜਾਂਦਾ ਹੈ। ਇਸ ਮੌਕੇ ਕਮੇਟੀ ਦੇ ਮੁਖੀ ਕਲਵਿੰਦਰ ਜੰਡਾ ਨੇ ਕਿਹਾ ਕਿ ਸਮਾਜ ਹਮੇਸ਼ਾ



ਪ੍ਰਤਿਭਾਸ਼ਾਲੀ ਬੱਚਿਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ ਅਤੇ ਕਮੇਟੀ ਦੇ ਸਾਰੇ ਮੈਂਬਰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਆਉਣ ਵਾਲੀਆਂ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਵਿੱਚ ਸਹਿਯੋਗ ਕਰਨ ਲਈ ਤਿਆਰ ਹਨ। ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸਮਾਜ ਸੇਵਕ ਡਾ. ਅਜੇ ਬੱਗਾ ਨੇ ਕਿਹਾ ਕਿ ਇਸ ਆਧੁਨਿਕ ਯੁੱਗ ਵਿੱਚ ਜਦੋਂ ਸੋਸ਼ਲ ਮੀਡੀਆ ਬੱਚਿਆਂ ਦੇ ਮਨਾਂ 'ਤੇ ਬੁਰਾ ਪ੍ਰਭਾਵ ਪਾ ਰਿਹਾ ਹੈ, ਲੇਖਿਕਾ ਅਗਮ ਪ੍ਰੀਤ ਕੌਰ ਦੀ ਕਿਤਾਬ ਦੂਜੇ ਬੱਚਿਆਂ ਲਈ ਪ੍ਰੇਰਨਾ ਬਣ ਕੇ ਆਈ ਹੈ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪ੍ਰਤਿਭਾ ਨੂੰ ਪਛਾਣਨਾ ਚਾਹੀਦਾ ਹੈ ਅਤੇ ਇਸ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ।

# ਮੁਬਾਰਕਾਂ ਜੀ ਮੁਬਾਰਕਾਂ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ 295 ਪੰਜਾਬ ਦੇ ਸੰਯੁਕਤ ਪਰਿਵਾਰ ਵਿੱਚ ਵਾਧਾ ਹੋਇਆ





**ਬਰਨਾਲਾ( ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ 295 ਪੰਜਾਬ ਦੇ ਸੰਯੁਕਤ ਪਰਿਵਾਰ ਦੇ ਵਿੱਚ ਵਾਧਾ
ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ 295 ਜਿਲਾ ਬਰਨਾਲਾ ਦੇ ਚਾਰ ਬਲਾਕਾਂ ਤੇ ਪੂਰਨ ਜਿਲ੍ਹਾ ਕਮੇਟੀ ਦਾ ਐਸੋਸੀਏਸ਼ਨ 295 ਦੇ ਸੰਯੁਕਤ ਪਰਿਵਾਰ ਦੇ ਵਿੱਚ ਰਲੇਵਾ
ਡਾਕਟਰ ਅਮਰਜੀਤ ਸਿੰਘ ਕੁਕੂ ਜੀ ਪੰਜਾਬ ਦੇ ਸੀਨੀਅਰ ਵਾਈਸ ਪ੍ਰਧਾਨ ਨਿਯੁਕਤ ਡਾਕਟਰ ਲਾਭ ਸਿੰਘ ਮੰਡੇਰ ਜੀ ਜਿਲਾ ਪ੍ਰਧਾਨ ਤੇ ਡਾਕਟਰ ਕੇਸ਼ਰ ਖਾਨ ਜਿਲਾ ਚੇਅਰਮੈਨ ਨਿਯੁਕਤ
ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ 295 ਪੰਜਾਬ ਦੇ ਸੰਯੁਕਤ ਪਰਿਵਾਰ ਚ ਸ਼ਾਮਿਲ ਹੋਣ ਤੇ ਜੀ ਆਇਆ ਨੂੰ ਤੇ ਬਹੁਤ ਬਹੁਤ ਸਵਾਗਤ ਸਾਰੀ ਹੀ ਸਟੇਟ ਕਮੇਟੀ ਨੂੰ ਬਹੁਤ ਬਹੁਤ ਮੁਬਾਰਕਾਂ ਜੀ ਮੁਬਾਰਕਾਂ ਸੂਬਾ ਪ੍ਰਧਾਨ ਜਸਵਿੰਦਰ ਕਾਲਖ਼ ਜੀ ਦੀ ਅਗਵਾਈ ਹੇਠ ਬਣੀ ਨਵੀਂ ਜ਼ਿਲ੍ਹਾ ਕਮੇਟੀ।
ਜ਼ਿਲ੍ਹਾ ਪ੍ਰਧਾਨ: ਲਾਭ ਸਿੰਘ ਮੰਡੇਰ।
ਜ਼ਿਲ੍ਹਾ ਜਨਰਲ ਸਕੱਤਰ:ਸੁਦਾਗਰ ਸਿੰਘ ਭੋਤਨਾ।
ਕੈਸ਼ੀਅਰ:ਬੇਅੰਤ ਸਿੰਘ ਉਪਲੀ।
ਸਰਪ੍ਰਸਤ:ਬਲਦੇਵ ਸਿੰਘ ਸੰਘੇੜਾ।
ਚੇਅਰਮੈਨ: ਕੇਸਰ ਖ਼ਾਨ।
ਮੁੱਖ ਸਲਾਹਕਾਰ: ਰਣਜੀਤ ਸਿੰਘ ਕਾਹਨੇ ਕੇ।
ਪ੍ਰੈਸ ਸਕੱਤਰ: ਨਿਰਮਲ ਸਿੰਘ ਸਹੌਰ।
ਸੀ: ਮੀਤ ਪ੍ਰਧਾਨ: ਬਲਦੇਵ ਧਨੇਰ।
ਮੀਤ ਪ੍ਰਧਾਨ: ਸੁਰਜੀਤ ਸਿੰਘ ਛਾਪਾ।
ਮੀਤ ਪ੍ਰਧਾਨ: ਸ਼ਿਵਦੀਪ ਸਿੰਘ ਬਰਨਾਲਾ ਬਲਾਕ।
ਮੀਤ ਪ੍ਰਧਾਨ: ਸੁਖਚੈਨ ਸਿੰਘ ਬਰਨਾਲਾ।
ਸਹਾਇਕ ਖ਼ਜ਼ਾਨਚੀ: ਸੁਪਿੰਦਰ ਸਿੰਘ।
ਜ਼ਿਲ੍ਹਾ ਜੁਆਇੰਟ: ਸਕੱਤਰ ਚਮਕੌਰ ਸਿੰਘ ਸ਼ਹਿਣਾ ਬਲਾਕ।
ਤੋਂ ਇਲਾਵਾ ਦੋ ਸੀਟਾਂ ਰਾਖਵੀਆਂ ਰੱਖੀਆਂ।
ਵਿਸ਼ੇਸ਼:- ਡਾਕਟਰ ਅਮਰਜੀਤ ਕੁੱਕੂ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

ਰੋਗ ਕਿਸੀ ਵੀ ਤਰ੍ਹਾਂ ਦਾ ਹੋਵੇ ... (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੂਗਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ... (Sciatica), ... (Indigestion), ... (Heart Burning) ... (Constipation), ... (Piles) ... (Haemorrhoids), ... (Flatulence), ... (Jaundice), ... (Hepatitis), ... (Hernia), ... (Blood Presure High or Low), ... (Obesity), ... (Migraine), ... (Hair Falling) ... (Alopecia), ... (Acne), ... (Pigmentation), ... (Bleeding Gums & Pyorrhoea), ... (Tinnitis) ... (Vertigo), ... (Anaemia), ... (Neuralgia), ... (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA, ਖੂਨ ਦੇ ਘੱਟ ਸੈੱਲਾਂ, ਸਰਜੀਕਲ ਅਪ੍ਰੇਸ਼ਨ ਤੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਣਾਅ, ਥਕਾਵਟ, ਉਨੀਂਦਾ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ... ਨੁਸਖਾ- -------- 1 ਮਹੀਨੇ ਦੀ ਕੀਮਤ £35
2) ... ਨੁਸਖਾ- -------- 1 ਮਹੀਨੇ ਦੀ ਕੀਮਤ £35
3) ... (HEALTHY SPERMS) ਪੈਦਾ ਕਰਦਾ ਹੈ -1 ਮਹੀਨੇ ਦੀ ਕੀਮਤ £40
4) ... -------- 1 ਮਹੀਨੇ ਦੀ ਕੀਮਤ £35
5) ... -------- 1 ਮਹੀਨੇ ਦੀ ਕੀਮਤ £35
6) ... -------- 1 ਮਹੀਨੇ ਦੀ ਕੀਮਤ £30
7) ... ਨੁਸਖਾ- -------- 1 ਮਹੀਨੇ ਦੀ ਕੀਮਤ £25
8) ... -------- 1 ਮਹੀਨੇ ਦੀ ਕੀਮਤ £25

### ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... SPERMATIC ... (VARICOCELE), ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) - ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA, (HOM.), (A.P) AND (NUTRI.)

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਗੁਪਤ ... INFORMATION, ਨਾਲ ----- (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... - ਇਕ ਮਹੀਨੇ ਦੀ ਕੀਮਤ -- £69

ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... - £89

ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69

ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ਅਤੇ TONED ... - £69

ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... - £69

ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... VAGINAL LUBRICATION GEL (MAGIC) --- £49

ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... ----- £59

ਨੁਸਖਾ ਨੰਬਰ 8 (IN CAPSULES): ... - £59

ਨੁਸਖਾ ਨੰਬਰ 9 (IN CAPSULES): ... - £59

ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP ------ £59

ਨੁਸਖਾ ਨੰਬਰ 11 (IN TABLETS): ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... --- £89

ਨੁਸਖਾ ਨੰਬਰ 13 (IN VIALS): ... --- £89

ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... --- £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) - ... £19
NURALACO (IN OINTMENT OR LOTION) --- ... ----- £19
CHILLAGA (IN OINTMENT OR LOTION) --- ... £19
ARNSTRA (IN OINTMENT) ----- ... (BED SORES) ... £19
BELINFLA (IN OIL OR OINTMENT) --- ... £19
BELULCE (IN OIL) --- ... ULCERS ... ---------- £19
BRYJOIN (IN OIL) --- ... - £19
CALWOUN (IN OIL OR OINTMENT) --- ... - £19
BURCAN (IN LOTION OR OINTMENT) --- ... --- £19
ROUTUM (IN OINTMENT) - ... --- £19
JOINSHU (IN OIL) - ... - £19
ABSSIL (IN LOTION) - ... --- £19
ITCSUL (IN OIL) --- ... ---------------- £19
WARTHU (IN OIL) - ... (WARTS) ... --- £19

* HOMOEOPATHIC HEALTH CLINIC ... (... £10 ...)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਕਨੇਡਾ ਯਾਤਰਾ ਦਾ ਸੱਚ

ਡਾ: ਅੰਮ੍ਰਿਤਪਾਲ ਸਿੰਘ ਚੇਅਰਮੈਨ ਸਿੱਖ ਸੇਵਾ ਮਿਸ਼ਨ ਲੁਧਿਆਣਾ ਨੇ ਯਾਤਰਾ ਦੌਰਾਨ ਜੋ ਕਨੇਡਾ ਦੇਸ਼ ਦੀ ਕਾਮਯਾਬੀ ਦੇਖੀ ਉਹ ਤੁਹਾਨੂੰ ਸ਼ਬਦਾਂ ਰਾਹੀ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹਾਂ।

1. ਟ੍ਰੈਫਿਕ ਕਾਨੂੰਨ-ਜੀਰੋ % ਐਕਸੀਡੈਂਟ ।
2. ਸੜਕਾਂ ਸਾਫ਼ ਕੋਈ ਖੱਡਾ ਨਹੀ।
3. ਛੋਟਾ ਮੋਟਾ ਕੋਈ ਖੱਡਾ ਹੈ ਤਾਂ ਨਾਲ ਹੀ ਰਿਪੇਅਰ।
4. ਸਾਰੀ ਸੜਕ ਬਣਾਉਣ ਦੀ ਜ਼ਰੂਰਤ ਨਹੀਂ ।
5. ਗਰੀਨਰੀ ਬਹੁਤ ਜ਼ਿਆਦਾ।
6. ਸਫ਼ਾਈ ਦੀ ਕੋਈ ਕਮੀ ਨਹੀਂ ।
7. ਬਿਜਲੀ 24 ਘੰਟੇ 120 ਵੋਲਟੇਜ ਡੀ ਸੀ ਇੱਥੇ ਟਰਾਂਸਫਾਰਮਰ ਨਹੀਂ ਲੱਗੇ ਹੋਏ ।
8. ਰਸੋਈ ਬਿਜਲੀ ਚੁੱਲੇ ਬਾਥਰੂਮ ਗਰਮ ਪਾਣੀ।
9. ਸੁਪਰ ਸਟੋਰ ਫਿਕਸ ਪਰਾਈਜ਼ ।
10. ਬੈਸਟ ਕਵਾਲਟੀ ।
11. ਪੜ੍ਹੇ ਲਿਖੇ ਨੌਜਵਾਨ ਬੱਚੇ ਬੱਚੀਆਂ ਸਾਰੇ ਕਨੇਡਾ ।
12. ਭਾਰਤ ਕਦੀ ਵੀ ਵਿਦੇਸ਼ਾ ਦਾ ਮੁਕਾਬਲਾ ਨਹੀ ਕਰ ਸਕਦਾ ।
13. ਭਾਰਤ ਦੀਆਂ ਰਾਜਨੀਤਕ ਪਾਲਸੀਆਂ ਗਲਤ।
14. ਅੰਡਾਨੀ ਅੰਬਾਨੀ ਅਮੀਰ ਸਾਰਾ ਦੇਸ਼ ਗਰੀਬ।



Karnail Singh M A Ludhiana


# ਡੈਣ ਦੇ ਡਰ ਤੋਂ ਬੰਦ ਕੀਤੀਆਂ ਲੜਕੀ ਦੀਆਂ ਅੱਖਾਂ ਤਰਕਸ਼ੀਲਾਂ ਖੁਲ੍ਹਵਾਈਆਂ-ਮਾਸਟਰ ਪਰਮ ਵੇਦ

## ਭੂਤਾਂ- ਪਰੇਤਾਂ,ਜਿੰਨ ,ਚੂੜੇਲਾਂ ਦੀਆਂ ਕਹਾਣੀਆਂ ਸਭ ਮਨਘੜਤ –ਤਰਕਸ਼ੀਲ

**ਸੰਗਰੂਰ**

ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ, ਵਿਗਿਆਨ ਨੇ ਮਨੁੱਖ ਨੂੰ ਹਰ ਖੇਤਰ ਵਿੱਚ ਗਿਣਨਯੋਗ, ਬੇਅੰਤ ਸੁਖ ਸਹੂਲਤਾਂ ਨਾਲ ਲੈਸ ਕਰ ਦਿੱਤਾ ਹੈ । ਸੰਚਾਰ, ਆਵਾਜਾਈ, ਮਨੋਰੰਜਨ, ਰੋਜ਼ਾਨਾ ਜ਼ਿੰਦਗੀ ਦੇ ਹਰ ਖੇਤਰ ਦੀਆਂ ਸਹੂਲਤਾਂ ਵਿੱਚ ਵਿਗਿਆਨਕ ਖੋਜਾਂ ਦੀ ਬੱਲੇ ਬੱਲੇ ਹੋ ਰਹੀ ਹੈ।ਇਹ ਵੱਖਰੀ ਗਲ ਹੈ ਕਿ ਬਹੁਤ ਵਾਰੀ ਵਿਗਿਆਨਕ ਖੋਜਾਂ ,ਕਾਢਾਂ ਦੀ ਦੁਰਵਰਤੋਂ ਹੁੰਦੀ ਹੈ। ਟੈਲੀਵਿਜ਼ਨ ਲੈ ਲਵੋ ਇਸਨੂੰ ਦੇਖਣ ਸੁਣਨ ਲਈ ਦੋ ਗਿਆਨ ਇੰਦਰੀਆਂ ਅੱਖਾਂ ਤੇ ਕੰਨ ਕੰਮ ਕਰਦੇ ਹਨ,ਇਸ ਲਈ ਇਹ ਸਾਡੇ ਦਿਲ ਦਿਮਾਗ ਨੂੰ ਬਹੁਤ ਛੇਤੀ ਪ੍ਰਭਾਵਿਤ ਕਰਦੇ ਹਨ।ਪਰ ਅਕਸਰ ਕਾਰਪੋਰੇਟ , ਸਰਮਾਏ-ਦਾਰ , ਸੱਤਾ ਤੇ ਕਾਬਜ਼ ਘਰਾਣੇ ਵਿਗਿਆਨ ਦੀਆਂ ਖੋਜਾਂ,ਤਕਨੀਕਾਂ ਦੀ ਹਮੇਸ਼ਾ ਆਪਣੇ ਮਕਸਦ ਲਈ ਵਰਤਦੇ ਹਨ। ਕਹਿ ਲਵੋ ਦੁਰਵਰਤੋਂ ਕਰਦੇ, ਅੰਧਵਿਸ਼ਵਾਸ ਫੈਲਾਉਂਦੇ ਹਨ।ਇਲੈਕਟ੍ਰੌਨਿਕ ਮੀਡੀਆ ਲੈ ਲਵੋ, ਚੈਨਲਾਂ ਤੇ ਆਉਂਦੇ ਬਹੁਤੇ ਪ੍ਰੋਗਰਾਮ ਅਸਲੀਅਤ ਤੋਂ ਕੋਹਾਂ ਦੂਰ, ਅਸ਼ਲੀਲਤਾ ਤੇ ਮਨਘੜਤ, ਗੈਰ ਵਿਗਿਆਨਕ, ਅਰਥਹੀਣ ਕਹਾਣੀਆਂ ਨਾਲ ਸਬੰਧਤ ਹੁੰਦੇ ਹਨ।ਇਨ੍ਹਾਂ ਦਾ ਦੇਸ਼ ਦੇ ਭਵਿੱਖ ਬੱਚਿਆਂ ਦੀ ਮਾਨਸਿਕਤਾ ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਬੱਚਿਆਂ ਨੂੰ ਜਾਗਰੂਕ, ਉਨ੍ਹਾਂ ਦੀ ਸ਼ਖਸੀਅਤ ਦਾ ਬਹੁਪੱਖੀ ਵਿਕਾਸ,ਵਿਗਿਆਨਕ ਸੋਚ ਤੇ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਖ਼ੋਜੀ ਤੇ ਕਾਢੀ ਬਣਾਉਣ ਵਾਲੇ ਨਾ ਮਾਤਰ ਪ੍ਰੋਗਰਾਮ ਦੇਖਣ ਨੂੰ ਮਿਲਦੇ ਹਨ। ਜਿਸ ਕਰਕੇ ਬੱਚੇ ਦੀਆਂ ਅੰਦਰੂਨੀ ਸ਼ਕਤੀਆਂ, ਪ੍ਰਤਿਭਾ ਅਣਵਿਕਸਤ ਰਹਿ ਜਾਂਦੀਆਂ ਹਨ।ਮਨਘੜਤ ,ਡਰਾਵਣੇ ਅਸ਼ਲੀਲਤਾ ਭਰਪੂਰ ਗੈਰ ਵਿਗਿਆਨਕ ਸੀਰੀਅਲ ਦਿਖਾ ਕੇ ਬੱਚਿਆਂ ਦੀ ਮਾਨਸਿਕਤਾ ਵਿਗਾੜਦੇ ਨਜ਼ਰ ਆਉਂਦੇ ਹਨ। ਜੇ ਇਲੈਕਟ੍ਰੌਨਿਕ ਮੀਡੀਆ,ਟੀ ਵੀ ਵਗੈਰਾ ਤੇ ਵਿਗਿਆਨਕ ਸੋਚ, ਖੋਜਾਂ -ਕਾਢਾਂ ਵਾਲੇ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਣ ਤਾਂ ਬੱਚਿਆਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਬਹੁ ਪੱਖੀ ਸਖਸ਼ੀਅਤ ਦੇ ਮਾਲਕ ਬਹੁਮੁੱਲੇ ਕੀਮਤੀ ਹੀਰੇ ਰੂਪੀ ਵਿਅਕਤੀ/ ਨਾਗਰਿਕ ਬਣਾਉਣ ਵਿੱਚ ਬਹੁਤ ਮਦਦਗਾਰ ਹੋ ਸਕਦੇ ਹਨ ਕਿਉਂਕਿ ਬੱਚੇ ਦੀ ਸ਼ਖ਼ਸੀਅਤ ਤੇ ਹਰ ਕਹੀ, ਸੁਣੀ ,ਦੇਖੀ ਗਲ ਦਾ ਅਸਰ ਹੁੰਦਾ ਹੈ।ਵਾਰ ਵਾਰ ਦੁਹਰਾਈ ਗਲ ਬੱਚੇ ਦੇ ਮਨ ਤੇ ਡੂੰਘਾ ਅਸਰ ਪਾਉਂਦੀ ਹੈ।ਜੋ ਦੇਖਣਗੇ ਉਸੇ ਤਰ੍ਹਾਂ ਦੇ ਬਣਨਗੇ। ਟੀ ਵੀ ਵਗੈਰਾ ਤੇ ਦਿਖਾਏ ਜਾਣ ਵਾਲੇ ਪ੍ਰੋਗਰਾਮ ਬੱਚਿਆਂ ਦੀ ਸੋਚ ਖੁੰਢੀ , ਡਰਾਵਣੀ ਮਾਨਸਿਕਤਾ ਬਣਾਉਣ ਲਈ ਯਤਨਸ਼ੀਲ ਨਜ਼ਰ ਆਉਂਦੇ ਹਨ। ਬੱਚਿਆਂ ਦੇ ਮਨ ਕੋਰੀ ਸਲੇਟ , ਕੋਰੇ ਕਾਗਜ਼ ਹੁੰਦੇ ਹਨ ਜੋ ਸੁਨਣਗੇ ,ਦੇਖਣਗੇ ਉਨ੍ਹਾਂ ਦੀ ਮਨ ਰੂਪੀ ਸਲੇਟ /ਕੋਰੇ ਕਾਗਜ਼ 'ਤੇ ਉਹੀ ਉੱਕਰਿਆ ਜਾਵੇਗਾ , ਲਿਖਿਆ ਜਾਵੇਗਾ,ਉਸੇ ਤਰ੍ਹਾਂ ਦੀ ਮਾਨਸਿਕਤਾ ਦੇ ਮਾਲਕ ਬਣਨਗੇ। ਡਰਾਵਣੇ ਭੂਤਾਂ ਪ੍ਰੇਤਾਂ ਦੀਆਂ ਮਨਘੜਤ ਕਹਾਣੀਆਂ ਵਾਲੇ ਲੜੀਵਾਰਾਂ ਤੋਂ ਬੱਚਿਆਂ ਦੀਆਂ ਮਨੋਭਾਵਨਾਵਾਂ ਤੇ ਪਏ ਮਾੜੇ ਪ੍ਰਭਾਵਾਂ ਦੇ ਬਹੁਤ ਸਾਰੇ ਕੇਸ ਤਰਕਸ਼ੀਲ ਸੁਸਾਇਟੀ ਪੰਜਾਬ ਕੋਲ ਆਉਂਦੇ ਹਨ ਤੇ ਮਨੋਵਿਗਿਆਨੀਆਂ ਤੇ ਮਾਨਸਿਕ ਰੋਗ ਮਾਹਿਰ ਡਾਕਟਰਾਂ ਤੋਂ ਠੀਕ ਕਰਵਾਏ ਜਾਂਦੇ ਹਨ।

ਮੈਂ ਇੱਕ ਕੇਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ।ਪਿਛਲੇ ਕਈ ਸਾਲ ਪਹਿਲਾਂ ਦੀ ਗਲ ਹੈ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਕੋਲ ਪਟਿਆਲਾ ਜ਼ਿਲ੍ਹੇ ਦੀ ਮੰਡੀ ਪਾਤੜਾਂ ਦਾ ਇਕ ਸੱਤਵੀਂ ਜਮਾਤ ਵਿੱਚ ਪੜ੍ਹਦੀ ਛੋਟੀ ਬੱਚੀ ਦਾ ਕੇਸ ਆਇਆ। ਬੱਚੀ ਇੱਕ ਸੀਰੀਅਲ ਦੇ ਵਿੱਚ ਡੈਣ ਦੇ ਰੋਲ ਤੋਂ ਇਨ੍ਹਾਂ ਡਰ ਗਈ ਕਿ ਅੱਖਾਂ ਖੋਲ੍ਹਣ ਤੋਂ ਵੀ ਡਰਣ ਲਗ ਪਈ । ਮਹਿਸੂਸ ਕਰਨ ਲਗ ਪਈ ਕਿ ਜੇ ਅੱਖਾਂ ਖੋਲ੍ਹੀਆਂ ਤਾਂ ਡੈਣ ਖਾ ਜਾਵੇਗੀ।ਡਰ ਮਾਰੇ ਅੱਖਾਂ ਨਹੀਂ ਖੋਲ੍ਹ ਰਹੀ ਸੀ । ਪਹਿਲਾਂ ਪਰਿਵਾਰ ਨੇ ਸੋਚਿਆ ਲੜਕੀ ਤੇ ਓਪਰੀ ਸ਼ੈਅ ਦਾ ਅਸਰ ਹੈ।ਦੋ ਦਿਨ ਸਿਆਣਿਆਂ ਤੋਂ ਧਾਗੇ ਤਵੀਤ ਕਰਵਾਉਣ ਤੋਂ ਬਾਅਦ ਤਰਕਸ਼ੀਲ ਸੋਚ ਦੇ ਮਾਲਿਕ ਇੱਕ ਅਧਿਆਪਕ ਦੇ ਕਹਿਣ ਤੇ ਪਰਿਵਾਰ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨਾਲ ਸੰਪਰਕ ਕੀਤਾ। ਅੱਖਾਂ ਬੰਦ ਰੱਖਣ ਤੋਂ ਚੌਥੇ ਦਿਨ ਬਾਅਦ ਪਰਿਵਾਰ ਬੱਚੇ ਨੂੰ ਲੈ ਕੇ ਸਾਡੇ ਕੋਲ ਆਇਆ। ਅਸੀਂ ਗੁਰਦੀਪ ਸਿੰਘ ਲਹਿਰਾ, ਲੈਕਚਰਾਰ ਕ੍ਰਿਸ਼ਨ ਸਿੰਘ ਤੇ ਮੇਰੇ ਆਧਾਰਿਤ ਤਿੰਨ ਮੈਂਬਰੀ ਟੀਮ ਨੇ ਮਾਪਿਆਂ ਨਾਲ ਮਨੋਵਿਗਿਆਨਕ ਤੇ ਵਿਗਿਆਨਕ ਆਧਾਰ ਤੇ ਪੜਤਾਲ ਕੀਤੀ। ਸਿੱਟਾ ਸੀ ਕਿ ਅੰਧਵਿਸ਼ਵਾਸੀ ਪਰਿਵਾਰ ਹੋਣ ਕਾਰਨ, ਵਡੇਰਿਆਂ ਤੋਂ ਭੂਤ ਪ੍ਰੇਤਾਂ ਦੀਆਂ ਗੱਲਾਂ ਬਾਤਾਂ ਸੁਨਣ ਤੇ ਸੀਰੀਅਲ ਵਿੱਚ ਡੈਣ ਦੇ ਰੋਲ ਤੋਂ ਲੜਕੀ ਬਹੁਤ ਜ਼ਿਆਦਾ ਡਰ ਗਈ ਸੀ। ਸੀਰੀਅਲ ਵਿੱਚ,ਡੈਣ ਦਾ ਰੋਲ ਬੜਾ ਭਿਆਨਕ /ਡਰਾਵਣਾ ਸੀ। ਡਰ ਬੱਚੀ ਦੀ ਕੋਮਲ ਮਾਨਸਿਕਤਾ ਨੂੰ ਟੁੰਬ ਗਿਆ! ਬੱਚੀ ਮਹਿਸੂਸ ਕਰ ਰਹੀ ਸੀ ਜੇ ਮੈਂ ਅੱਖਾਂ ਖੋਲ੍ਹੀਆਂ ਤਾਂ ਡੈਣ ਮੈਨੂੰ ਨਿਗਲ ਜਾਵੇਗੀ ।ਇਸ ਲਈ ਇਸ ਡਰੋਂ ਉਹ ਅੱਖਾਂ ਨਹੀਂ ਖੋਲ੍ਹ ਰਹੀ ਸੀ।ਇਹ ਸਚਾਈ ਭਰਪੂਰ ਘਟਨਾ ਹੈ। ਉਸ ਦੀ ਮਾਨਸਿਕਤਾ ਇੰਨੀ ਝੰਜੋੜੀ ਗਈ ਸੀ ਕਿ ਉਸਨੂੰ ਨੀਂਦ ਵੀ ਦਵਾਈ ਲੈ ਕੇ ਆਉਂਦੀ ਸੀ,ਹਰ ਸਮੇਂ ਡਰੀ ਡਰੀ ਰਹਿੰਦੀ ਸੀ । ਅਸੀਂ ਬੱਚੀ ਨੂੰ ਬਿਠਾ ਕੇ ਭੂਤਾਂ, ਪਰੇਤਾਂ,ਜਿੰਨ ਚੂੜੇਲਾਂ ,ਡੈਣਾਂ ਦੀ ਅਸਲੀਅਤ ਬਾਰੇ ਦੱਸਿਆ ਕਿ ਇਹ ਸਭ ਮਨੋਕ-ਲਪਿਤ , ਮਨਘੜਤ ਹਨ,ਅਸਲ ਵਿੱਚ ਇਨ੍ਹਾਂ ਦੀ ਕੋਈ ਹੋਂਦ ਨਹੀਂ।ਉਸਾਰੂ, ਸਾਰਥਿਕ, ਦਲੇਰੀ ਭਰਪੂਰ ਤੇ ਨਾ ਡਰਨ ਦੇ ਸੁਝਾਅ ਦਿੱਤੇ।ਉਸ ਅੰਦਰੋਂ ਡਰ ਦੇ ਮਹੌਲ ਨੂੰ ਹਲਕਾ ਕਰਕੇ ਸਕੂਨ ਤੇ ਚੈਨਮਈ, ਸੁਖਾਵੇਂ ਮਾਹੌਲ ਵਿੱਚ ਲਿਆ ਕੇ ਬੱਚੀ ਨੂੰ ਦੱਸਿਆ ਕਿ ਤੇਰੇ ਮਨ ਅੰਦਰ ਡੈਣ ਦੀ ਸ਼ਕਲ ਹੈ।ਇਹ ਫੋਟੋਆਂ ਹੁੰਦੀਆਂ, ਸ਼ਕਲਾਂ ਹੁੰਦੀਆਂ ਹਨ, ਕੁੱਝ ਕਹਿੰਦੀਆਂ ਨਹੀਂ, ਇਨ੍ਹਾਂ ਵਿੱਚ ਜਾਨ ਨਹੀਂ ਹੁੰਦੀ,ਤੇਰੇ ਮਨ , ਦਿਮਾਗ ਅੰਦਰੋਂ ਡੈਣ ਦੀ ਬਣੀਆਂ ਫੋਟੋਆਂ/ਸ਼ਕਲਾਂ ਖਤਮ ਕਰ ਦਿੱਤੀਆਂ ਜਾਣਗੀਆਂ,ਡਰਨ ਦੀ ਲੋੜ ਨਹੀਂ, ਸਾਡੇ ਤੇ ਵਿਸ਼ਵਾਸ ਰੱਖ, ਇਨ੍ਹਾਂ ਨੂੰ ਰੂੰ ਦੀ ਤਰ੍ਹਾਂ ਉਡਾ ਦਿੱਤਾ ਜਾਵੇਗਾ।,ਇਹ ਸੁਆਹ ਦੀ ਸੋਟੀ ਤਰ੍ਹਾਂ ਹੁੰਦੀਆਂ ਹਨ,ਜਿਸ ਦੀ ਵਰਤੋਂ ਨਾਲ ਸੱਟ ਨਹੀਂ ਲ ਗ ਦ ੀ । " ਅ ਪ ਣਾ ਪ ਣ , ਖੁ ਸ਼ ਗ ਵਾ ਰ , ਵਿਸ਼ਵਾਸ ਪੂਰਨ ਤੇ ਚੈਨਮਈ ਮਾਹੌਲ ਪੈਦਾ ਕਰਕੇ ਉਸ ਨੂੰ ਆਪਣੇ ਪ੍ਰਭਾਵ ਵਿੱਚ ਲਿਆਂਦਾ , ਹੁਣ ਉਹ ਹਲਕੀ ਨੀਂਦ ਮਹਿਸੂਸ ਕਰ ਰਹੀ ਸੀ , ਅਸੀਂ ਉਸਨੂੰ ਡੈਣ ਦੇ ਖ਼ਤਮ ਹੋਣ ਤੇ ਅੱਗੇ ਤੋਂ ਕਦੇ ਵੀ ਡੈਣ ਸਮੇਤ ਹੋਰ ਮਨੋਕ-ਲਪਿਤ ਸ਼ੈਆਂ ਨਾ ਦਿੱਸਣ ਦੇ ਨਾਲ ਨਾਲ ਉਸ ਅੰਦਰ ਬਣੀਆਂ ਡੈਣ ਤੇ ਹੋਰ ਡਰਾਉਣੀਆਂ ਸ਼ਕਲਾਂ ਦੀਆਂ ਫੋਟੋਆਂ ਖਤਮ ਕਰਨ ਦੇ ਸੁਝਾਅ ਦਿੱਤੇ ਤੇ ਕਿਹਾ ਡੈਣ ਖ਼ਤਮ ਹੋ ਗਈ ਹੈ, ਤੈਨੂ ਹੁਣ ਕਿਸੇ ਵੀ ਡਰਾਉਣੀ ਚੀਜ਼ ਤੋਂ ਡਰ ਨਹੀਂ ਲੱਗੇਗਾ, ਤੈਨੂੰ ਪਤਾ ਲਗ ਚੁੱਕਿਆਂ ਹੈ ਕਿ ਸੀਰੀਅਲ ਵਾਲੀ ਡੈਣ ਦੇਖਣ ਤੋਂ ਦਿਮਾਗ ਵਿੱਚ ਬਣੀਆਂ ਡਰਾਵਣੀ ਚੀਜ਼ਾਂ ਦੀਆਂ ਫੋਟੋਆਂ ਸੀ,ਉਹ ਖਤਮ ਹੋ ਗਈਆਂ ਹਨ । ਅਸੀਂ ਉਸਨੂੰ ਵਾਰ ਵਾਰ ਕਿਹਾ ਕਿ ਮਨਘੜ੍ਹਤ ਚੀਜ਼ਾਂ ਦੀਆਂ ਸ਼ਕਲਾਂ ਸਾਡੇ ਕਹੇ ਅਨੁਸਾਰ ਆਪਣੇ ਆਪ ਬਿਨਾਂ ਕੁਝ ਕਹੇ ਦਿਲ, ਦਿਮਾਗ ਤੋਂ ਸਾਫ਼ ਹੋ ਜਾਂਦੀਆਂ ਹਨ। ਇਹ ਸਾਫ਼ ਹੋ ਚੁੱਕੀਆਂ ਹਨ, ਖ਼ਤਮ ਹੋ ਚੁੱਕੀਆਂ, ਹੁਣ ਤੈਨੂੰ ਕਦੇ ਵੀ ਡਰ ਨਹੀਂ ਲੱਗੇਗਾ ,ਤੂੰ ਇਨ੍ਹਾਂ ਦੀ ਅਸਲੀਅਤ ਜਾਣ ਚੁੱਕੀ ਹੈ ।ਇਹ ਖ਼ਤਮ ਹੋ ਚੁਕੀਆਂ ਹਨ ਕਦੇ ਵੀ ਨਹੀਂ ਦਿਖਣਗੀਆਂ । ਤੂੰ ਆਪਣੇ ਆਪ ਨੂੰ ਹਲਕਾ ਤੇ ਡਰ ਮੁਕਤ ਮਹਿਸੂਸ ਕਰ ਰਹੀ ਹੈਂ।ਤੂੰ ਹੁਣ ਆਰਾਮ ਨਾਲ ਅੱਖਾਂ ਖੋਲ੍ਹ ਸਕਦੀ ਹੈਂ।ਇਸ ਦੁਨੀਆਂ ਵਿੱਚ ਭੂਤ ਪ੍ਰੇਤ ਕੁਚੀਲ ਜਿੰਨ ਡੈਣ ਕੁੱਝ ਵੀ ਨਹੀਂ, ਉਸਨੂੰ ਫਿਰ ਨਿਡਰ ਹੋ ਕੇ ਅੱਖਾਂ ਖੋਲ੍ਹਣ ਦਾ ਸੁਝਾਅ ਦਿੱਤਾ। ਉਸਨੇ ਸਾਡੇ ਸੁਝਾਅ ਤੇ ਅਮਲ ਕਰਦਿਆਂ ਆਪਣੀਆਂ ਅੱਖਾਂ ਖੋਲ੍ਹ ਲਈਆਂ ਤੇ ਆਪਣੇ ਆਪ ਨੂੰ ਅਨਜਾਣ ਥਾਂ ਦੇਖ ਕੇ ਹੈਰਾਨੀ ਪ੍ਰਗਟਾਈ ਤੇ ਕੁੱਝ ਸਮੇਂ ਬਾਅਦ ਆਪਣੀ ਮਾਂ ਨੂੰ ਜੱਫੀ ਪਾ ਲਈ। ਸਾਡੇ ਵਲ ਇਸ਼ਾਰਾ ਕਰਦਿਆਂ ਉਸ ਦੀ ਮਾਂ ਨੇ ਕਿਹਾ ਇਨ੍ਹਾਂ ਡੈਣ ਭਜਾ ਕੇ ਤੇ ਡਰ ਮੁਕਤ ਕਰਕੇ ਤੇਰੀ ਅੱਖਾਂ ਖੁਲ੍ਹਵਾਈਆਂ ਹਨ।ਉਸ ਸਾਡੇ ਵਲ ਮੁਸਕਰਾਹਟ ਵਖੇਰਦਿਆਂ, ਧੰਨਵਾਦ ਦਾ ਸੁਨੇਹਾ ਦਿੱਤਾ। ਅਸੀਂ ਮਾਪਿਆਂ ਨੂੰ ਸੁਝਾਅ ਦਿੱਤਾ ਕਿ ਬੱਚਿਆਂ ਨੂੰ ਡਰਾਵਣੀਆਂ,ਮਨਘੜਤ , ਮਨੋਕਲਪਿਤ, ਅਸ਼ਲੀਲਤਾ ਤੇ ਗੈਰ ਵਿਗਿਆਨਕ ਵਾਲੇ ਸੀਰੀਅਲ ਨਾ ਦੇਖਣ ਦਿਆ ਕਰੋ,ਆਪ ਵੀ ਨਾ ਦੇਖਿਆ ਕਰੋ। ਬੱਚੀ ਤੁਹਾਡੀ ਹੁਣ ਠੀਕ ਹੈ। ਅਗਲੇ ਹਫਤੇ ਫਿਰ ਲਿਆਉਣਾ। ਉਹ ਹਫਤੇ ਬਾਅਦ ਫਿਰ ਆਏ, ਕੁੜੀ ਹਸਦੀ ਨੇ ਸਾਨੂੰ ਨਮਸਕਾਰ ਕੀਤੀ ਤੇ ਕਿਹਾ ਕਿ ਮੈਂ ਹੁਣ ਠੀਕ ਹਾਂ ਅੱਗੇ ਤੋਂ ਮੈਂ ਅਜਿਹੇ ਸੀਰੀਅਲ ਨਹੀਂ ਦੇਖੂੰਗੀ। ਕ੍ਰਿਸ਼ਨ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਅਰਥਹੀਣ ਪਿਕਚਰਜ਼ ਤੇ ਸੀਰੀਅਲ ਤੋਂ ਜਿਨ੍ਹਾਂ ਤੋਂ ਸਿੱਖਣ ਲਈ ਕੁੱਝ ਨਹੀਂ ਹੁੰਦਾ ਉਹ ਬੱਚਿਆਂ ਨੂੰ ਦੇਖਣ ਨਾ ਦਿਆ ਕਰੋ। ਪਿਕਚਰਾਂ, ਮੂਵੀਆਂ ਤੇ ਲੜੀਵਾਰ ਉਹ ਦੇਖੋ ਜਿਨ੍ਹਾਂ ਤੋਂ ਬੱਚਿਆਂ ਨੂੰ ਗਿਆਨ ਮਿਲ਼ੇ, ਵਿਗਿਆਨ ਦਾ ਚਾਨਣ ਮਿਲੇ।ਅਸ਼ਲੀਲਤਾ ਪੂਰਨ ,ਡਰ ਪੈਦਾ ਕਰਨ ਵਾਲੇ, ਮਨਘੜਤ, ਲੜੀਵਾਰ ਬੱਚਿਆਂ ਦੀ ਮਾਨਸਿਕਤਾ ਵਿਗਾੜਦੇ ਹਨ। ਬੱਚੀ ਨੂੰ ਕਿਹਾ ਭੂਤਾਂ ਪ੍ਰੇਤਾਂ ਤੋਂ ਡਰਿਆ ਨਾ ਕਰੋ, ਇਨ੍ਹਾਂ ਵਿੱਚ ਜਾਨ ਨਹੀਂ ਹੁੰਦੀ,ਇਹ ਤਾਂ ਡਰਦਿਆਂ ਨੂੰ ਡਰਾਉਂਦੇ ਹਨ, ਨਿਡਰ, ਵਿਗਿਆਨਕ ਸੋਚ ਵਾਲੇ ਤੇ ਸੂਝਵਾਨ ਲੋਕਾਂ ਤੋਂ ਡਰਦੇ ਹਨ। ਇਸ ਲਈ ਬਹਾਦਰ, ਸੂਝਵਾਨ ਤੇ ਵਿਗਿਆਨਕ ਸੋਚ ਦੇ ਧਾਰਨੀ ਬਣੋ ਤੇ ਦੂਜਿਆਂ ਨੂੰ ਵਿਗਿਆਨਕ ਸੋਚ ਦੀ ਰੋਸ਼ਨੀ ਵਿੱਚ ਲਿਆਉਣ ਲਈ ਯਤਨਸ਼ੀਲ ਰਹੋ। ਵਧੀਆ ਵਿਚਾਰਾਂ ਵਾਲੀਆਂ ਕਿਤਾਬਾਂ ਪੜ੍ਹੋ, ਕਿਤਾਬਾਂ ਨੂੰ ਦੋਸਤ ਬਣਾਓ।ਉਨ੍ਹਾਂ ਨੂੰ ਬਹੁਤ ਸਾਰੀਆਂ ਵਿਗਿਆਨਕ ਸੋਚ ਵਾਲੀਆਂ ਤੇ ਪੁਰਾਣੇ ਤਰਕਸ਼ੀਲ ਮੈਗਜ਼ੀਨ ਪੜ੍ਹਨ ਨੂੰ ਦਿੱਤੇ।ਚਾਹ ਦਾ ਕੱਪ ਪਿਆ ਕੇ ਤੇ ਵਿਗਿਆਨਕ ਸੋਚ ਦਾ ਛੱਟਾ ਦੇ ਕੇ ਤੋਰਿਆ।



**ਮਾਸਟਰ ਪਰਮ ਵੇਦ**
**ਤਰਕਸ਼ੀਲ ਆਗੂ**
**ਅਫ਼ਸਰ ਕਲੋਨੀ ਸੰਗਰੂਰ**
**9417422349**

# ਡਾ. ਅੰਬੇਡਕਰ ਚੌਂਕ ਜਲੰਧਰ 1 ਜੁਲਾਈ ਨੂੰ ਧਰਨੇ 'ਤੇ ਪਹੁੰਚਣ ਦੀ ਅਪੀਲ-ਬੁੱਧਿਸਟ ਭਾਈਚਾਰਾ

**ਜਲੰਧਰ, (ਪਰਮਜੀਤ ਜੱਸਲ)**–ਬੁੱਧਿਸ਼ਟ ਭਾਈਚਾਰੇ ਦੇ ਨੁਮਾਇੰਦਿਆਂ ਦੀ ਇਕ ਜ਼ਰੂਰੀ ਮੀਟਿੰਗ ਡਾਕਟਰ ਅੰਬੇਡਕਰ ਭਵਨ ,ਜਲੰਧਰ ਵਿਖੇ ਹੋਈ।ਜਿਸ ਵਿੱਚ ਬੋਧ ਗਯਾ ਮੁਕਤੀ ਅੰਦੋਲਨ ਨੂੰ ਸਫਲ ਬਣਾਉਣ ਲਈ ਚਰਚਾ ਕੀਤੀ ਗਈ ।ਇਸ ਸੰਬੰਧ 'ਚ ਇੱਕ ਜੁਲਾਈ ਤੋਂ ਸਾਰੇ ਭਾਰਤ ਵਿੱਚ ਜ਼ਿਲਾ ਪੱਧਰੀ ਧਰਨੇ ਦਿੱਤੇ ਜਾ ਰਹੇ ਹਨ ,ਉਸ ਉੱਪਰ ਵੀ ਚਰਚਾ ਕੀਤੀ ਗਈ। ਬੁੱਧਿਸਟ ਭਾਈਚਾਰੇ ਦੇ ਨੁਮਾਇੰਦਿਆਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਬੋਧ ਗਯਾ ਮੰਦਿਰ ਐਕਟ 1949 ਨੂੰ ਰੱਦ ਕੀਤਾ ਜਾਵੇ ਅਤੇ ਬੋਧ ਗਯਾ ਮਹਾਂਬੁੱਧ ਵਿਹਾਰ ਦਾ ਕੰਟਰੋਲ ਨਿਰੋਲ ਬੋਧੀਆ ਨੂੰ ਸੌਂਪਿਆ ਜਾਵੇ। ਯਾਦ ਰਹੇ ਕਿ



ਇਸ ਸਬੰਧ ਵਿੱਚ ਆਲ ਇੰਡੀਆ ਬੁੱਧਿਸ਼ਟ ਫੋਰਮ ਦੇ ਜਨਰਲ ਸਕੱਤਰ ਸ੍ਰੀ ਆਕਾਸ਼ ਲਾਮਾ ਅਤੇ ਭਿਕਸ਼ੂ ਸੰਘ ਦੀ ਅਗਵਾਈ ਵਿੱਚ 12 ਫਰਵਰੀ 2025 ਤੋਂ ਲਗਾਤਾਰ ਧਰਨਾ ਬੋਧ ਗਯਾ ਮੰਦਰ ਮਹਾਬੁੱਧ ਵਿਹਾਰ,(ਬਿਹਾਰ) ਦੇ ਨਜ਼ਦੀਕ ਦਿੱਤਾ ਜਾ ਰਿਹਾ ਹੈ। ਮੀਟਿੰਗ ਵਿੱਚ ਧਰਨਾ ਪ੍ਰਦਰਸ਼ਨ ਬਾਰੇ ਫੈਸਲਾ ਕੀਤਾ ਗਿਆ ਕਿ ਪਹਿਲੀ ਜੁਲਾਈ 2025 ਨੂੰ ਡਾਕਟਰ ਅੰਬੇਡਕਰ ਚੌਂਕ ਵਿੱਚ ਸਵੇਰੇ 10 ਵਜੇ ਤੋਂ 2 ਵਜੇ ਤੱਕ ਸ਼ਾਂਤਮਈ ਧਰਨਾ ਦਿੱਤਾ ਜਾਵੇਗਾ। ਐਡਵੋਕੇਟ ਹਰਭਜਨ ਸਾਂਪਲਾ, ਬਲਦੇਵ ਰਾਜ ਜੱਸਲ, ਚੰਚਲ ਬੌਧ, ਡਾਕਟਰ ਮਹਿੰਦਰ ਸੰਧੂ ਅਤੇ ਚਮਨ ਸਾਂਪਲਾ ਨੇ ਡਾਕਟਰ ਅੰਬੇਡਕਰ ਚੌਂਕ, ਜਲੰਧਰ ਵਿਖੇ ਇਕ ਜੁਲਾਈ, ਦਿਨ ਮੰਗਲਵਾਰ, ਸਵੇਰੇ 10 ਵਜੇ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।

# ਵਿਰਕ ਪਿੰਡ ਆਉਣ ਤੇ ਨਿੱਘਾ ਸਵਾਗਤ

**(ਸਮਾਜ ਵੀਕਲੀ)**– ਫਗਵਾੜੇ ਦੇ ਨਜਦੀਕ ਵਿਰਕ ਪਿੰਡ ਦੇ ਯੂ.ਕੇ. ਨਿਵਾਸੀ ਜੋ 2016 ਤੋਂ ਬਰਤਾਨੀਆ ਵਿੱਚ ਸੰਤ ਬਾਬਾ ਫੂਲਾ ਸਿੰਘ ਜੀ ਦੇ ਸਤਿਕਾਰ ਅਤੇ ਯਾਦ ਵਿੱਚ ਹਰ ਸਾਲ ਧਾਰਮਿਕ ਜੋੜ ਮੇਲੇ ਦਾ ਪ੍ਰਬੰਧ ਕਰਦੇ ਆ ਰਹੇ ਹਨ ਦੇ ਸਹਿਯੋਗ ਨਾਲ ਵਿਰਕ ਪਿੰਡ ਵਿੱਚ ਆਉਣ ਵਾਲੀਆਂ ਪੰਜ ਸੜਕਾਂ ਤੇ " ਵਿਰਕ ਪਿੰਡ ਵਿੱਚ ਆਉਣ ਤੇ ਆਪ ਜੀ ਦਾ ਨਿੱਘਾ ਸਵਾਗਤ ਵਾਹਿਗੁਰੂ ਆਪ ਜੀ ਨੂੰ ਤੰਦਰੁਸਤੀ ਦਾ ਦਾਨ ਬਖਸ਼ਣ" ਅਤੇ ਪਿੰਡ ਤੋਂ ਜਾਣ ਸਮੇ "ਵਿਰਕ ਪਿੰਡ ਵਿੱਚ ਆਉਣ ਤੇ ਆਪ ਜੀ ਦਾ ਧੰਨਵਾਦ ਫਿਰ ਵੀ ਆਉਣਾ ਜੀ"। ਇਹ ਮਾਂ-ਬੋਲੀ ਪੰਜਾਬੀ ਵਿੱਚ ਲਿਖੇ ਵਿਰਕ ਪਿੰਡ ਵਿੱਚ ਆਉਣ ਵਾਲੀਆਂ




ਪੰਜੇ ਸੜਕਾਂ ਜਿਵੇਂ ਜੀ.ਟੀ. ਰੋਡ, ਪੱਦੀ ਖਾਲਸਾ, ਇੰਦਣਾ, ਅਤੇ ਦੁਸਾਂਝਾਂ ਦੀ ਨਿਹਰ ਤੋਂ ਦੋ ਸੜਕਾਂ ਤੇ ਬੋਰਡ ਅਮਰ ਸ਼ਹੀਦ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਸ਼ਹੀਦੀ ਦਿਵਸ 25 ਜੂਨ ਨੂੰ ਲਗਵਾਏ ਗਏ ਸਨ ਜਿੱਸ ਵਿੱਚ ਗ੍ਰਾਮ ਪੰਚਾਇਤ ਵਿਰਕ {ਜਲੰਧਰ} ਨੇ ਸਹਿਯੋਗ ਦਿੱਤਾ।

# ਹਜ਼ਰਤ ਪੀਰ ਬਾਬਾ ਭੋਲੇ ਨਿੱਕੂ ਸ਼ਾਹ ਜੀ ਦਾ ਸਲਾਨਾ ਜੋੜ ਮੇਲਾ ਸਮਾਪਤ

ਸਲਾਨਾ ਰੋਸ਼ਨੀ ਮੇਲਾ ਸਾਬਰ ਪਾਕ ਸਰਕਾਰ ਦਾ ਦਰਬਾਰ ਹਜ਼ਰਤ ਪੀਰ ਬਾਬਾ ਭੋਲੇ ਨਿੱਕੂ ਸ਼ਾਹ ਸ਼ੇਰ - ਏ - ਫਕੀਰ ਮੁਸਾਫਰ ਅਲੀ ਰੋਜ਼ਾ ਸ਼ਰੀਫ ਪਿੰਡ ਖਾਨ ਖਾਨਾ ਵਿਖੇ ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਦਰਬਾਰ ਦੇ ਗੱਦੀ ਨਸ਼ੀਨ ਸਾਈਂ ਜਸਵੀਰ ਸ਼ਾਹ ਜੀ ਸਾਬਰੀ ਦੀ ਦੇਖ ਰੇਖ ਹੇਠ 25 ਜੂਨ ਤੋਂ 29 ਜੂਨ ਤੱਕ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਮੇਲੇ 'ਚ ਵੱਖ ਵੱਖ ਨਕਾਲ ਪਾਰਟੀਆਂ ਅਤੇ ਕਵਾਲ ਪਾਰਟੀਆਂ ਵਲੋਂ ਪ੍ਰੋਗਰਾਮ ਪੇਸ਼ ਕੀਤਾ ਗਿਆ, ਇਸ ਮੇਲੇ 'ਚ ਪੰਜਾਬ ਦੇ ਪ੍ਰਸਿੱਧ ਗਾਇਕ ਜਨਾਬ ਦੁਰਗਾ ਰੰਗੀਲਾ, ਪਾਲ਼ੀ ਦੇਤਵਾਲੀਆਂ, ਸੰਨੀ ਮਿੱਤਲ, ਪ੍ਰਸਿੱਧ ਗਾਇਕ ਭੈਣਾਂ




ਕੌਰ ਸਿਸਟਰਜ਼ ਪ੍ਰਮੀਤ ਕੌਰ ਹਰਮੀਤ ਕੌਰ, ਬੇਬੀ ਏ ਕੌਰ, ਖਾਨ ਸਾਬ, ਰਮੇਸ਼ ਚੌਹਾਨ ਕਲਾਕਾਰਾਂ ਨੇ ਹਾਜ਼ਰੀ ਲਗਾਈ, ਰਾਤ ਸਮੇ ਸੁੱਖਾ ਰਾਮ ਸਰੋਆ ਵਲੋਂ ਨਾਟਕ ਖੇਡਿਆ ਗਿਆ, ਇਸ ਮੌਕੇ ਸਟੇਜ਼ ਦੀ ਭੂਮਿਕਾ ਨੂਰ ਮੁਹੰਮਦ ਅਤੇ ਬਿੱਟੂ ਮੇਹਟਾਂ ਵਾਲੇ ਵਲੋਂ ਨਿਭਾਈ ਗਈ, ਇਸ ਮੌਕੇ ਚਾਹ ਪਕੌੜਿਆ ਦੇ ਲੰਗਰ ਅਤੇ ਦਾਤਾ ਜੀ ਦੇ ਲੰਗਰ ਅਟੁੱਟ ਵਰਤਾਏ ਗਏ,,

# ਵਿਰਕ ਪਿੰਡ ਵਾਲਿਆਂ ਦਾ ਧਾਰਮਿੱਕ ਜੋੜ ਮੇਲਾ ਗੁਰੂ ਨਾਨਕ ਗੁਰਦਵਾਰਾ ਸਮੈਦਿੱਕ ਬਰਮਿੰਘਮ ਵਿਖੇ ਹੋਵੇਗਾ

**ਬਰਮਿੰਘਮ (ਸਮਾਜ ਵੀਕਲੀ)**– ਫਗਵਾੜੇ ਦੇ ਨਜਦੀਕ ਇਤਿਹਾਸਿੱਕ ਪਿੰਡ ਵਿਰਕ ਦੀ ਯੂ.ਕੇ.ਨਿਵਾਸੀ ਸੰਗਤ ਵਲੋਂ ਤਪੱਸਵੀ ਤੇ ਮਹਾਂਕਿਰਤੀ 108 ਸੰਤ ਬਾਬਾ ਫੂਲਾ ਸਿੰਘ ਜੀ ਦੀ ਬਰਸੀ ਯੂਰਿੱਪ ਦੇ ਪ੍ਰਸਿੱਧ ਗੁਰਦਵਾਰਾ, ਗੁਰੂ ਨਾਨਕ ਗੁਰਦਵਾਰਾ, ਹਾਈ ਸਟਰੀਟ, ਸਮੈਦਿੱਕ, ਬਰਮਿੰਘਮ ਵਿਖੇ ਮਨਾਇਆ ਜਾਵੇਗਾ। ਸੰਤ ਬਾਬਾ ਫੂਲਾ ਸਿੰਘ ਜੀ ਦਾ ਜਨਮ ਅਸਥਾਨ ਪਿੰਡ ਕਾਹਮਾ ਜੋ ਪਿੰਡ ਖਟਕੜ ਕਲਾਂ ਦੇ ਨਜਦੀਕ ਹੈ। ਵਿਰਕ ਪਿੰਡ ਦੇ ਸੰਤ ਮਾਲਾ ਸਿੰਘ ਜੀ ਦੀ ਸੇਵਾ ਤੋਂ ਖੁੱਸ਼ ਹੋ ਕੇ ਸੰਤ ਬਾਬਾ ਫੂਲਾ ਸਿੰਘ ਜੀ ਪਿੰਡ ਵਿਰਕ ਆ ਗਏ। ਸੰਤ ਬਾਬਾ ਫੂਲਾ ਸਿੰਘ ਜੀ ਦੇ ਸਤਿਕਾਰ ਅਤੇ ਯਾਦ ਵਿੱਚ ਹਰ ਸਾਲ ਪਿੰਡ ਵਿਰਕ ਵਿਖੇ 26,27,28 ਜੁਲਾਈ, ਸਾਵਨ 11,12,13 ਨੂੰ ਇੱਕ ਵਿਸ਼ੇਸ਼ ਧਾਰਮਿੱਕ ਜੋੜ ਮੇਲੇ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸਾਵਨ 11 ਜੁਲਾਈ 26 ਨੂੰ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਇੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਂਦਾ ਹੈ। ਤਿੰਨੇ ਦਿੰਨ ਦੇ ਧਾਰਮਿੱਕ ਜੋੜ ਮੇਲੇ ਵਿੱਚ ਪੰਜਾਬ ਦੇ ਪ੍ਰਸਿੱਧ ਕੀਰਤਨ ਜੱਥੇ, ਕਥਾਵਾਚਕ, ਢਾਡੀ ਜੱਥੇ, ਕਵਿਛਰੀ ਜੱਥੇ ਗੁਰੂ ਜੀ ਦੀ ਪਿਆਰੀ ਸਾਧ ਸੰਗਤ ਜੀ ਨੂੰ ਗੁਰਬਾਣੀ ਅਤੇ ਸਿੱਖ



ਇਤਿਹਾਸ ਤੋਂ ਜਾਣੂ ਕਰਵਾਉਂਦੇ ਹਨ। ਇਹ ਧਾਰਮਿੱਕ ਜੋੜ ਮੇਲਾ ਪਿੰਡ ਕਾਹਮਾ, ਕਨੈਡਾ, ਅਮਰੀਕਾ ਅਤੇ ਬਰਤਾਨੀਆ ਵਿੱਚ ਵੀ ਮਨਾਇਆ ਜਾਂਦਾ ਹੈ। ਸ਼ੁੱਕਰਵਾਰ 25 ਜੁਲਾਈ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿੰਨ੍ਹਾ ਦੇ ਭੋਗ ਐਤਵਾਰ 27 ਜੁਲਾਈ ਨੂੰ ਪੈਣਗੇ। ਐਤਵਾਰ 27 ਜੁਲਾਈ ਨੂੰ 9ਵੇਂ ਪਾਤਸ਼ਾਹ ਦੇ ਸਲੋਕ ਸਵੇਰੇ 8.30 ਵਜੇ ਅਰੰਭ ਹੋਣਗੇ। 9.30 ਵਜੇ ਅਰਦਾਸ ਅਤੇ ਹੁਕਮਨਾਮੇ ਤੋਂ ਉਪਰੰਤ ਕੀਰਤਨ, ਕਥਾ, ਢਾਡੀ ਜੱਥਾ ਸੰਗਤਾਂ ਨੂੰ ਗੁਰਬਾਨੀ ਅਤੇ ਸੰਤ ਬਾਬਾ ਫੂਲਾ ਸਿੰਘ ਜੀ ਦੀ ਬਾਰੇ ਜਾਣਕਾਰੀ ਦੇਣਗੇ। ਆਓ ਆਪਾਂ ਮਹਾਂਪੁਰਸ਼ਾਂ ਦੀ ਯਾਦ ਵਿੱਚ ਕਰਵਾਏ ਜਾ ਰਹੇ ਧਾਰਮਿੱਕ ਜੋੜ ਮੇਲੇ ਵਿੱਚ ਜੁੜ ਕੇ ਮਹਾਂਪੁਰਸ਼ਾਂ ਦਾ ਅਸ਼ੀਰਵਾਦ ਪ੍ਰਾਪਤ ਕਰੀਏ।



# ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ (IWAGB) ਨੇ ਐੱਮਪੀ ਮਲਵਿੰਦਰ ਸਿੰਘ ਕਾਂਗ ਨਾਲ NRIAW ਦੇ ਮੁੱਖ ਮਸਲੇ ਉੱਤੇ ਗੱਲਬਾਤ ਕੀਤੀ

**ਸਮਾਜ ਵੀਕਲੀ ਯੂ ਕੇ- ਲੇਸਟਰ, ਯੂਕੇ** - ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ (IWAGB) ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਹਾਲ ਹੀ ਵਿੱਚ ਲੇਸਟਰ ਵਿਖੇ ਪੰਜਾਬ ਦੀ ਆਮ ਆਦਮੀ ਪਾਰਟੀ ਦੇ ਪ੍ਰਮੁੱਖ ਸਪੀਕਰ ਮਲਵਿੰਦਰ ਸਿੰਘ ਕਾਂਗ ਨਾਲ ਮੁਲਾਕਾਤ ਕੀਤੀ।

ਇਸ ਮੁਲਾਕਾਤ ਦੌਰਾਨ, ਸ਼੍ਰੀ ਗਿੱਲ ਨੇ MP ਕਾਂਗ ਨੂੰ ਸ਼ਹੀਦ ਭਗਤ ਸਿੰਘ ਦੀ ਇੱਕ ਪ੍ਰਤੀਕਾਤਮਕ ਤਸਵੀਰ ਭੇਟੀ, ਜੋ ਇਨਸਾਫ਼ ਅਤੇ ਕੁਰਬਾਨੀ ਦਾ ਪ੍ਰਤੀਕ ਹੈ।

**ਮੁੱਖ ਮੁੱਦੇ ਉਠਾਏ ਗਏ:**

NRIAW ਦੀਆਂ ਜਾਇਦਾਦਾਂ ਦੀ ਗੈਰਕਾਨੂੰਨੀ ਕਬਜ਼ਾ: ਸ਼੍ਰੀ ਗਿੱਲ ਨੇ ਪੰਜਾਬ ਵਿੱਚ NRIAW ਦੀਆਂ ਜਾਇਦਾਦਾਂ ਨੂੰ ਗੈਰਕਾਨੂੰਨੀ ਤਰੀਕੇ ਨਾਲ ਹੜਪਣ ਦੀਆਂ ਵਿਆਪਕ ਰਿਪੋਰਟਾਂ ਬਾਰੇ ਦੱਸਿਆ, ਜੋ ਅਕਸਰ ਸਥਾਨਕ ਸਿਆਸੀ ਹਸਤੀਆਂ ਅਤੇ ਅਧਿਕਾਰੀਆਂ ਦੀ ਸਹਾਇਤਾ ਨਾਲ ਹੁੰਦੀਆਂ ਹਨ। ਇਹ ਮਾਮਲਾ NRIs ਵਿਚ ਡਰ ਪੈਦਾ ਕਰ ਰਿਹਾ ਹੈ, ਖਾਸ ਕਰਕੇ ਉਹ ਲੋਕ ਜੋ ਛੁੱਟੀਆਂ ਮਨਾਉਣ ਜਾਂ ਸੇਵਾ-ਨਿਵ੍ਰਿਤ ਹੋ ਕੇ ਭਾਰਤ ਵਾਪਸ ਜਾਣਾ ਚਾਹੁੰਦੇ ਹਨ। ਕਈ ਮਾਮਲੇ ਅਜੇ ਵੀ ਅਦਾਲਤੀ ਲੜਾਈਆਂ ਵਿਚ ਹਨ।



ਠੱਗ ਏਜੰਟਾਂ ਵਲੋਂ ਸ਼ੋਸ਼ਣ: ਪੰਜਾਬ ਦੇ ਹਜ਼ਾਰਾਂ ਜਵਾਨ ਝੂਠੇ ਦਸਤਾਵੇਜ਼ ਅਤੇ ਨਕਲੀ ਨੌਕਰੀਆਂ ਦੇ ਵਾਅਦੇ ਕਰਕੇ ਵਿਦੇਸ਼ ਜਾਣ ਲਈ ਏਜੰਟਾਂ ਵਲੋਂ ਠੱਗੇ ਜਾ ਰਹੇ ਹਨ, ਖਾਸ ਕਰਕੇ ਸਟੂਡੈਂਟ, ਟੀਅਰ 2 ਅਤੇ ਟੀਅਰ 5 ਵੀਜ਼ਾ ਸ਼੍ਰੇਣੀਆਂ ਹੇਠ। ਇਹ ਏਜੰਟ 30-35 ਲੱਖ ਰੁਪਏ ਤੋਂ ਵੱਧ ਫੀਸ ਲੈਂਦੇ ਹਨ। ਪਰਦੇਸ਼ ਪਹੁੰਚਣ 'ਤੇ ਮਾਈਗ੍ਰੈਂਟਾਂ ਨੂੰ ਨੌਕਰੀ ਲੱਭਣ ਵਿਚ ਮੁਸ਼ਕਿਲਾਂ ਆਉਂਦੀਆਂ ਹਨ ਤੇ ਉਹ ਬਹੁਤ ਸਖ਼ਤਾਈਆਂ ਦਾ ਸਾਹਮਣਾ ਕਰਦੇ ਹਨ। ਕਈ ਗੁਰਦੁਆਰਿਆਂ ਵਲੋਂ ਇਹਨਾਂ ਮਾਈਗ੍ਰੈਂਟਾਂ ਨੂੰ ਰੋਜ਼ਾਨਾ ਭੋਜਨ ਪ੍ਰਦਾਨ ਕੀਤਾ ਜਾਂਦਾ ਹੈ।

ਸਿਆਸੀ ਕੈਦੀਆਂ ਦੀ ਸਜ਼ਾ ਮੁਕੰਮਲ ਹੋਣ ਤੋਂ ਬਾਅਦ ਵੀ ਕੈਦ: ਸਿਆਸੀ ਕੈਦੀਆਂ ਦੇ ਸਜ਼ਾ ਮੁਕੰਮਲ ਹੋਣ ਦੇ ਬਾਵਜੂਦ ਕੈਦ ਰਹਿਣ ਦੀ ਚਿੰਤਾ ਉਠਾਈ ਗਈ, ਜਿਸਨੂੰ ਮਨੁੱਖੀ ਹੱਕਾਂ ਦਾ ਉਲੰਘਣ ਵਜੋਂ ਦੇਖਿਆ ਜਾ ਰਿਹਾ ਹੈ ਅਤੇ ਜਲਦੀ ਛੁਟਕਾਰਾ ਲੈਣ ਲਈ ਕਾਰਵਾਈ ਦੀ ਮੰਗ ਕੀਤੀ ਗਈ।

ਮਲਵਿੰਦਰ ਸਿੰਘ ਕਾਂਗ MP ਨੇ ਇਹ ਮੁੱਦੇ ਸਵੀਕਾਰ ਕੀਤੇ ਅਤੇ ਪੰਜਾਬ ਦੇ ਮੁੱਖ ਮੰਤਰੀ ਅਤੇ ਭਾਰਤੀ ਸੰਸਦ ਵਿੱਚ ਉਨ੍ਹਾਂ ਨੂੰ ਉਠਾਉਣ ਦਾ ਵਾਅਦਾ ਕੀਤਾ। ਉਨ੍ਹਾਂ ਨੇ ਠੱਗ ਏਜੰਟਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਅਤੇ ਸਜ਼ਾ ਮੁਕੰਮਲ ਕਰ ਚੁੱਕੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਅਗਵਾਈ ਕਰਨ ਦਾ ਇਰਾਦਾ ਜਤਾਇਆ। ਇਸ ਤੋਂ ਇਲਾਵਾ, ਉਹ ਪੰਜਾਬ ਸਰਕਾਰ ਅਤੇ ਕੇਂਦਰੀ ਸਰਕਾਰ ਨਾਲ ਮਿਲ ਕੇ ਹੱਲ ਲੱਭਣ ਵਿੱਚ ਵੀ ਰੁਚੀ ਰੱਖਦੇ ਹਨ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ (ਇਅਗਭ) ਨੇ NRI ਸਮਾਜ ਦੇ ਹੱਕਾਂ ਅਤੇ ਭਲਾਈ ਲਈ ਆਪਣੀ ਲੜਾਈ ਜਾਰੀ ਰੱਖਣ ਦੀ ਪ੍ਰਤੀਬੱਧਤਾ ਦਿਖਾਉਂਦੇ ਹੋਏ ਸੰਘਰਸ਼ ਜਾਰੀ ਰਖੇਗੀ।

# ਛਲਕਿਆ ਪਾਣੀ (ਕਹਾਣੀ)

ਕ੍ਰਿਸ਼ਨ ਚੰਦਰ ਸਰਕਾਰੀ ਸਕੂਲ ਵਿੱਚ ਹਿੰਦੀ ਮਾਸਟਰ ਲੱਗਾ ਸੀ। ਯੂਨੀਵਰਸਿਟੀ ਪੜ੍ਹਦਿਆਂ ਉਹ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਸੀ। ਮੁੱਢ ਤੋਂ ਹੀ ਉਹ ਸਮਾਜਿਕ ਅਲਾਮਤਾਂ ਵਿਰੁੱਧ ਅਖ਼ਬਾਰਾਂ ਅਤੇ ਰਿਸਾਲਿਆਂ ਵਿੱਚ ਅਕਸਰ ਲੇਖ ਲਿਖਦਾ ਰਹਿੰਦਾ ਸੀ। ਉਹ ਵੱਖ-ਵੱਖ ਸੈਮੀਨਾਰਾਂ, ਸਾਹਿਤਕ ਸਮਾਗਮਾਂ ਅਤੇ ਹੋਰ ਸਮਾਜਿਕ, ਧਾਰਮਿਕ, ਵਿੱਦਿਅਕ ਅਦਾਰਿਆਂ ਵਿੱਚ ਮਾਰਕਸਵਾਦੀ ਵਿਚਾਰਧਾਰਾ ਨੂੰ ਪ੍ਰਣਾਏ ਵਿਚਾਰ ਪਰਗਟ ਕਰਦਾ ਰਹਿੰਦਾ ਸੀ। ਉਸ ਦਾ ਗੱਲਬਾਤ ਕਰਨ ਦਾ ਢੰਗ ਬੜਾ ਹੀ ਪ੍ਰਭਾਵਸ਼ਾਲੀ, ਆਕਰਸ਼ਕ ਅਤੇ ਖਿੱਚ-ਭਰਪੂਰ ਸੀ। ਉਸ ਦੇ ਅਗਾਂਹਵਧੂ ਵਿਚਾਰਾਂ ਕਾਰਨ ਆਮ ਲੋਕਾਂ ਵਿੱਚ ਉਸ ਦੀ ਵਾਹਵਾ ਭੱਲ ਬਣੀ ਹੋਈ ਸੀ। ਭਾਵੇਂ ਉਹ ਉੱਚਕੋਟੀ ਦਾ ਪੜ੍ਹਿਆ ਗੁੜ੍ਹਿਆ ਉੱਚਕੋਟੀ ਦਾ ਵਿਦਵਾਨ ਸੀ। ਪਰੰਤੂ ਉਸ ਦਾ ਖਾਣ-ਪੀਣ, ਪਹਿਨਣ-ਪਚਰਣ, ਰਹਿਣ-ਸਹਿਣ ਬਹੁਤ ਸਧਾਰਨ ਸੀ। ਉਹ ਸਾਂਵਲੇ ਜਿਹੇ ਰੰਗ ਦਾ, ਇਕਹਿਰੇ ਸਰੀਰ ਦਾ, ਲੰਮਾ ਪਤਲਾ ਛੀਂਟਕਾ ਜਿਹਾ ਗੱਭਰੂ ਬਹੁਤ ਹੀ ਸਧਾਰਨ ਸ਼ਖ਼ਸੀਅਤ ਦਾ ਮਾਲਕ ਸੀ।

ਪਿਛਲੇ ਸਾਲ ਹੀ ਉਸ ਦਾ ਵਿਆਹ ਰਾਧਾ ਰਾਣੀ ਨਾਲ ਹੋਇਆ ਸੀ। ਰਾਧਾ ਸੋਹਣੀ ਸੁਨੱਖੀ ਹਿਰਨੋਟੀ ਅੱਖਾਂ ਵਾਲ਼ੀ, ਪਤਲੀ ਪਤੰਗ ਵਰਗੀ, ਮਲੂਕ ਜਿਹੀ ਪਿਆਰੀ ਮੁਟਿਆਰ ਹੈ। ਉਸ ਦੀ ਬੋਤਲ ਵਰਗੀ ਫਿੱਗਰ, ਸੁਰਾਹੀਦਾਰ ਗਰਦਨ, ਕਮਰ ਇੰਨੀਂ ਪਤਲੀ ਕਿ ਦੋਵਾਂ ਹੱਥਾਂ ਵਿੱਚ ਆ ਜਾਏ। ਉਹ ਚੰਗੇ ਸੰਸਕਾਰਾਂ ਵਿੱਚ ਪਲ਼ੀ ਰੱਜੇ ਪੁੱਜੇ ਗੋਇਲ ਖ਼ਾਨਦਾਨ ਦੀ ਇਕਲੌਤੀ ਧੀ ਸੀ। ਉਹਦਾ ਡੈਡੀ ਬਾਬੂ ਹੇਮ ਰਾਜ ਗੋਇਲ ਸ਼ਹਿਰ ਦੀ ਮੰਨੀ-ਪਰਮੰਨੀ ਸ਼ਖ਼ਸੀਅਤ ਸੀ। ਭਾਵੇਂ ਉਹਦੇ ਮਾਪੇ ਆਪਣੇ ਸਮਾਜਿਕ ਰੁਤਬੇ ਅਨੁਸਾਰ ਧੀ ਦੇ ਵਿਆਹ ਉੱਤੇ ਬਹੁਤ ਸਾਰਾ ਦਾਜ ਦਹੇਜ ਦੇ ਰਹੇ ਸਨ। ਪਰੰਤੂ ਆਪਣੀ ਕਾਮਰੇਡੀ ਸੋਚ ਅਨੁਸਾਰ ਉਸ ਨੇ ਬਿਲਕੁਲ ਸਾਦੇ ਢੰਗ ਨਾਲ਼ ਵਿਆਹ ਦੀਆਂ ਰਸਮਾਂ ਪੂਰੀਆਂ ਕੀਤੀਆਂ ਸਨ। ਉਸ ਨੇ ਕਿਸੇ ਵੀ ਦਾਜ ਦਹੇਜ ਤੋਂ ਬਗ਼ੈਰ ਹੀ ਵਹੁਟੀ ਨੂੰ ਵਿਆਹ ਕੇ ਘਰ ਲੈ ਆਂਦਾ ਸੀ। ਉਸ ਦੇ ਆਪਣੇ ਘਰ ਵਿੱਚ ਭਾਵੇਂ ਸੁੱਖ ਸਹੂਲਤ ਲਈ ਕਾਫ਼ੀ ਕੁਝ ਸੀ। ਪਰੰਤੂ ਫ਼ੇਰ ਵੀ ਵਹੁਟੀ ਦੇ ਪੇਕੇ ਘਰ ਵਾਲ਼ੀ ਠਾਠ ਇੱਥੇ ਬਿਲਕੁੱਲ ਨਹੀਂ ਸੀ। ਚੰਗੇ ਸੰਸਕਾਰਾਂ ਵਿੱਚ ਪਲ਼ੀ ਉਸ ਦੀ ਵਹੁਟੀ ਘਰ ਵਿੱਚ ਹਰ ਵੇਲੇ ਹਸੂੰ-ਹਸੂੰ ਕਰਦੀ ਰਹਿੰਦੀ ਸੀ। ਜਿਸ ਕਰਕੇ ਉਹਦੇ ਸੱਸ ਸਹੁਰਾ, ਕੁਆਰੀ ਨਣਦ ਮੀਰਾ ਅਤੇ ਮਾਸਟਰ ਜੀ ਬਹੁਤ ਖ਼ੁਸ਼ ਸਨ। ਮਾਸਟਰ ਜੀ ਦੀ ਵਿਚਾਰਧਾਰਾ ਭਾਵੇਂ ਬਹੁਤ ਉੱਚੀ ਅਤੇ ਸੱਚੀ-ਸੁੱਚੀ ਸੀ। ਪਰੰਤੂ ਉਸ ਦੇ ਸੁਭਾਅ ਵਿੱਚ ਬੜਾ ਵੱਡਾ ਇੱਕ ਔਗੁਣ ਵੀ ਸੀ। ਉਹ ਜਦੋਂ ਵੀ ਬਾਹਰੋਂ ਕਿਸੇ ਗੱਲੋਂ ਅੱਕਿਆ ਥੱਕਿਆ ਘਰ ਵੜ੍ਹਦਾ ਤਾਂ ਬਾਹਰ ਦਾ ਗੁੱਸਾ ਉਹ ਵਹੁਟੀ ਉੱਤੇ ਕੱਢਦਾ ਸੀ। ਅਕਸਰ ਉਹ ਉਸ ਨੂੰ ਬੁਰਾ ਭਲਾ ਬੋਲ ਦਿੰਦਾ ਸੀ। ਪਰੰਤੂ ਸ਼ਾਂਤ ਅਤੇ ਨਿੱਘੇ ਸੁਭਾਅ ਦੀ ਰਾਧਾ ਉਸ ਦੀਆਂ ਕਹੀਆਂ ਕੌੜੀਆਂ ਗੱਲਾਂ ਨੂੰ ਹਮੇਸ਼ਾ ਆਈ ਗਈ ਕਰ ਦਿੰਦੀ ਸੀ। ਤੇ ਬਿਲਕੁਲ ਸ਼ਾਂਤ ਰਹਿੰਦੀ ਸੀ। ਜਿਸ ਨਾਲ਼ ਮਾਸਟਰ ਜੀ ਦੇ ਕੁਰੱਖਤ ਸੁਭਾਅ ਕਾਰਨ ਵੀ ਘਰ ਵਿੱਚ ਸੁੱਖ ਸ਼ਾਂਤੀ ਬਣੀ ਹੋਈ ਸੀ। ਪਰੰਤੂ ਉਹ ਪਤੀ ਦੀਆਂ ਗੁੱਸੇ ਅਤੇ ਬੇਰੁਖ਼ੀ ਨਾਲ ਕਹੀਆਂ ਗੱਲਾਂ ਨੂੰ ਆਪਣੇ ਹਿਰਦੇ ਦੇ ਕਿਸੇ ਖੂੰਜੇ ਵਿੱਚ ਟਿਕਾਅ ਲੈਂਦੀ ਸੀ। ਉਨ੍ਹਾਂ ਗੱਲਾਂ ਨੂੰ ਵਾਰ-ਵਾਰ ਸੋਚਦੀ ਰਹਿਣ ਕਾਰਨ ਹੌਲ਼ੀ-ਹੌਲ਼ੀ ਉਸ ਦੀ ਸਿਹਤ, ਰੰਗ-ਰੂਪ ਅਤੇ ਸੁਹੱਪਣ ਘਟਣ ਲੱਗ ਪਿਆ ਸੀ। ਪਰੰਤੂ ਸੰਸਕਾਰਾਂ ਵਿੱਚ ਪਲ਼ੀ ਪਤਨੀ ਨੇ ਪਤੀ ਦੀ ਇਸ ਆਦਤ ਦੀ ਭਾਫ਼ ਵੀ ਆਪਣੇ ਪੇਕਿਆਂ ਤੱਕ ਨਹੀਂ ਸੀ ਜਾਣ ਦਿੱਤੀ। ਅੱਜ ਫ਼ੇਰ ਉਹ ਬਾਹਰੋਂ ਕਿਸੇ ਗੱਲੋਂ ਤਪਿਆ ਹੋਇਆ ਘਰ ਵੜ੍ਹਿਆ ਸੀ। ਘਰ ਵੜ੍ਹਦੇ ਨੂੰ ਹੀ ਵਹੁਟੀ ਨੇ ਉਹਦੇ ਵੱਲ ਮੁਸਕਰਾ ਕੇ ਵੇਖਿਆ। ਪਾਣੀ ਦਾ ਗਿਲਾਸ ਭਰਿਆ ਅਤੇ ਬੋਲੀ -

"ਆ ਗਈ ਮੇਰੀ ਮੋਤੀਆਂ ਵਾਲ਼ੀ ਸਰਕਾਰ! ਲਉ ਜੀ! ਠੰਢਾ ਪਾਣੀ ਪੀਉ ਜੀ।" ਪਤਨੀ ਦੇ ਹੱਥ ਵਿੱਚ ਪਾਣੀ ਦਾ ਭਰਿਆ ਗਿਲਾਸ ਵੇਖ ਕੇ ਉਹ ਇੱਕ ਦਮ ਭੜਕ ਪਿਆ- "ਕੀ ਕਰਾਂ ਮੈਂ ਇਹਨੂੰ? ਮੇਰੇ ਸਿਰ 'ਚ ਪਾ ਦੇ।" ਪਤੀ ਦੀਆਂ ਗੁੱਸੇ ਵਿੱਚ ਕਹੀਆਂ ਗੱਲਾਂ ਸੁਣ ਕੇ ਉਹ ਇੱਕਦਮ ਠਠੰਬਰ ਗਈ ਸੀ। ਕੌੜੇ ਕੁਸੈਲੇ ਬੋਲ ਸੁਣ ਕੇ ਉਹਨੂੰ ਬਹੁਤ ਬੁਰਾ ਲੱਗਿਆ ਸੀ। ਇੱਕ ਵਾਰ ਤਾਂ ਉਹ ਧੁਰ ਅੰਦਰ ਤੱਕ ਕੰਬ ਗਈ ਸੀ। ਪਰੰਤੂ ਉਸੇ ਪਲ ਉਸ ਦੇ ਮਨ ਨੇ ਪਲਟਾ ਖਾਧਾ। ਚਿਹਰੇ ਉੱਤੇ ਮੁਸਕੁਰਾਹਟ ਲਿਆ ਕੇ ਪੂਰੇ ਹੌਂਸਲੇ ਨਾਲ਼ ਬੋਲੀ-

"ਮਾਸਟਰ ਜੀ! ਸੋਹਣੇ ਤਾਂ ਤੁਸੀਂ ਪਹਿਲਾਂ ਈਂ ਬਹੁਤ ਓਂ। ਪਰੰਤੂ ਗੁੱਸੇ ਵਿੱਚ ਬੋਲਦੇ ਹੋਏ ਤਾਂ ਤੁਸੀਂ ਹੋਰ ਵੀ ਜ਼ਿਆਦਾ ਸੋਹਣੇ ਲੱਗਦੇ ਓਂ। ਤੁਸੀਂ ਏਸ ਤਰ੍ਹਾਂ ਹੀ ਬੋਲਿਆ ਕਰੋ। ਕਿਉਂਕਿ ਏਸ ਤਰ੍ਹਾਂ ਬੋਲਦੇ ਹੋਏ ਤੁਸੀਂ ਮੈਨੂੰ ਬਹੁਤੇ ਈ ਪਿਆਰੇ ਲੱਗਦੇ ਓਂ। ਤੇ ਏਸ ਤਰ੍ਹਾਂ ਗੁੱਸੇ ਵਿੱਚ ਵੇਖ ਕੇ ਮੈਨੂੰ ਤੁਹਾਡੇ ਉੱਤੇ ਬਹੁਤਾ ਈ ਪਿਆਰ ਆਉਂਦੈ।" ਪਤਾ ਤਾਂ ਮਾਸਟਰ ਜੀ ਨੂੰ ਵੀ ਸੀ ਕਿ ਉਹ ਕਿੰਨਾਂ ਕੁ ਸੋਹਣਾ ਸੁਨੱਖਾ ਹੈ? ਸੰਸਕਾਰੀ ਪਤਨੀ ਦੀਆਂ ਸਹਿਜਤਾ ਅਤੇ ਪਿਆਰ ਨਾਲ ਕਹੀਆਂ ਗੱਲਾਂ ਉਸ ਦੇ ਦਿਲ ਉੱਤੇ ਆ ਲੱਗੀਆਂ। ਇੱਕ ਵਾਰੀ ਤਾਂ ਉਸ ਨੂੰ ਬਹੁਤ ਸ਼ਰਮ ਆਈ। ਉਸ ਨੇ ਉਸੇ ਵੇਲੇ ਆਪਣੀ ਗ਼ਲਤੀ ਨੂੰ ਮੰਨਿਆਂ। ਤੇ ਉਸ ਨੇ ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਰਾਧਾ ਦੀਆਂ ਅੱਖਾਂ ਵਿੱਚ ਤੱਕਿਆ। ਅੱਗੇ ਵਧ ਕੇ ਉਸ ਨੇ ਵਹੁਟੀ ਨੂੰ ਆਪਣੀਆਂ ਬਾਹਵਾਂ ਵਿੱਚ ਘੁੱਟ ਲਿਆ। ਪਤੀ ਦੀਆਂ ਅੱਖਾਂ ਵਿੱਚ ਪਛਤਾਵੇ ਦੇ ਹੰਝੂ ਦੇਖ ਕੇ ਉਸ ਦੀਆਂ ਅੱਖਾਂ ਵੀ ਛਲਕ ਪਈਆਂ।



**ਡਾ. ਇਕਬਾਲ ਸਿੰਘ**
**ਸਕਰੌਦੀ।**
**06, ਥਲੇਸ ਬਾਗ਼ ਕਲੋਨੀ,**
**ਨਾਭਾ ਗੇਟ ਬਾਹਰ**
**ਸੰਗਰੂਰ।**
**08427685020.**
**30-06-25.**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com